Estd. 2000

ਮਈ/May - 2024
ਸਾਲ/Year - 09
ਅੰਕ/Edition - 01
ਕੁੱਲ ਸਫ਼ੇ/Total Page 12+4=16
Anual Subcription 500/-

Regd. Office :
1195, Ajit Nagar
Moga 142001 (Pb.)

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Title Regd No. PUNPUN 04016 * Helpline 9988-92-9988, Email:chief_editor@mehakwatandilive.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com



ਉੱਘੇ ਸਾਹਿਤਕਾਰ ਗੁਰਮੇਲ ਸਿੰਘ ਬੌਡੇ ਦਾ ਖਾਸ ਲੇਖ
## ਜਲ ਦਿਵਸ ਅਤੀਤ, ਵਰਤਮਾਨ ਅਤੇ ਭਵਿੱਖ



## ਗੋਕਲ ਚੰਦ ਬੁੱਘੀਪੁਰਾ ਬਣੇ ਪ੍ਰੋਗਰਾਮ ਰੂ-ਬ-ਰੂ ਦਾ ਹਿੱਸਾ



# ਕੁੱਝ ਦਿਨਾਂ ਵਿੱਚ ਹੋ ਜਾਂਦਾ ਏ ਖੇਲ ਸਮਾਪਤ ਸਾਰਾ

## ਮੌਤ ਦੀ ਦਹਿਲੀਜ ਤੇ ਤੱਕਿਆ ਕਮਲਜੀਤ

## ਪੀ.ਜੀ.ਆਈ. ਚੰਡੀਗੜ੍ਹ ਦੀਆਂ ਦੁੱਖ ਭਰੀਆਂ ਯਾਦਾਂ

## ਕਮਲਜੀਤ ਨੂੰ ਯਾਦ ਕਰਦਿਆਂ

# ਅਲਵਿਦਾ ਕਮਲਜੀਤ ਸਿੰਘ ਪੁਰਬਾ !







ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਸਲਾਨਾ ਬਰਸੀ ਮੌਕੇ ਹੋਏ ਸਮਾਗਮਾਂ ਦੀਆਂ ਝਲਕੀਆਂ

# ਕਮਲਜੀਤ ਸਿੰਘ ਪੁਰਬਾ ਨੂੰ ਸੰਤਾਂ-ਮਹਾਂਪੁਰਖਾਂ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਨੇ ਕੀਤੀਆਂ ਸ਼ਰਧਾਂਜਲੀਆਂ ਭੇਂਟ



ਮੋਗਾ/ 26 ਮਾਰਚ 2024/ ਮਵਦੀਲਾ ਬਿਓਰੋ - 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਮੈਨੇਜਮੈਂਟ ਦੇ ਮੈਂਬਰ ਕਮਲਜੀਤ ਸਿੰਘ ਪੁਰਬਾ ਜੋ ਦਿਨੀ ਬੇ-ਵਕਤੀ ਵਿਛੋੜਾ ਦੇ ਗਏ ਸਨ ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਸੰਤਾਂ-ਮਹਾਪੁਰਖਾਂ, ਧਾਰਮਿਕ ਅਤੇ ਸਮਾਜ ਸੇਵੀ ਆਗੂਆਂ ਨੇ ਸ਼ਰਧਾਜਲੀਆਂ ਭੇਂਟ ਕੀਤੀਆਂ। ਰਿਸ਼ਤੇਦਾਰਾ, ਸਾਕ ਸਬੰਧੀਆਂ ਤੇ ਸੱਜਣਾ ਮਿੱਤਰਾਂ ਨੇ ਬਾਪੂ ਸਰਦਾਰ ਗੁਰਮੇਲ ਸਿੰਘ ਪੁਰਬਾ, ਮਾਤਾ ਕਰਮਜੀਤ ਕੌਰ, ਵੀਰ ਭਵਨਦੀਪ ਸਿੰਘ ਪੁਰਬਾ, ਬਲਸ਼ਰਨ ਸਿੰਘ ਪੁਰਬਾ, ਭਾਗਵੰਤੀ ਪੁਰਬਾ, ਅਮਨਦੀਪ ਕੌਰ ਤੇ ਸਮੁੱਚੇ ਪੁਰਬਾ ਤੇ ਬੇਦੀ ਪ੍ਰੀਵਾਰ ਨਾਲ ਗਹਿਰਾ ਦੁੱਖ, ਹਮਦਰਦੀ ਅਤੇ ਅਫਸੋਸ ਪ੍ਰਗਟ ਕੀਤਾ। ਭੋਗ ਉਪਰੰਤ ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਦੇ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਨੇ ਸਟੇਜ਼ ਤੋਂ ਆਏ ਹੋਏ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਲਵਾਈ ਅਤੇ ਸਮਾਜ ਸੇਵੀ ਗੁਰਸੇਵਕ ਸਿੰਘ ਸੰਨਿਆਸੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਕਮਲਜੀਤ ਸਿੰਘ ਦੀ ਅੰਤਿਮ ਅਰਦਾਸ ਮੌਕੇ 'ਮਹਿਕ ਵਤਨ ਦੀ ਬਿਓਰੋ' ਦੇ ਸਟਾਫ, ਮਹਿਕ ਵਤਨ ਦੀ ਫਾਊਂਡੇਸ਼ਨ ਸੋਸਾਇਟੀ ਮੋਗਾ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਰੂਰਲ ਐਨਜੀਓ ਕਲੱਬਜ ਐਸੋਸੀਏਸ਼ਨ ਜ਼ਿਲ੍ਹਾ ਮੋਗਾ, ਸਮਾਜ ਸੇਵਾ ਸੋਸਾਇਟੀ ਮੋਗਾ, ਸੰਤ ਬਾਬਾ ਨੰਦ ਸਿੰਘ ਜੀ ਸੇਵਾ ਸੋਸਾਇਟੀ ਲੋਹਾਰਾ, ਸ਼੍ਰੋਮਣੀ ਰਾਗੀ ਗ੍ਰੰਥੀ ਸਭਾ ਮੋਗਾ, ਸ਼੍ਰੀ ਨਾਮਦੇਵ ਗੁਰਪੁਰਬ ਕਮੇਟੀ ਮੋਗਾ, ਗੁਰਦੁਆਰਾ ਸ਼੍ਰੀ ਨਾਮਦੇਵ ਭਵਨ ਮੋਗਾ, ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਮੋਗਾ, ਕਾਨਪੁਰੀਆ ਆਟੋ ਇਲੈਕਟ੍ਰੀਸ਼ਨ ਸਰਵਿਸ ਵੱਲੋਂ ਸ਼ੋਕ ਮਤੇ ਭੇਜ ਕੇ ਦੁੱਖ ਪ੍ਰਗਟ ਕੀਤਾ ਗਿਆ ਅਤੇ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਬਾਬਾ ਜਸਵੀਰ ਸਿੰਘ ਜੀ ਲੋਹਾਰਾ, ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ, ਬਾਬਾ ਸੋਢੀ ਜੀ, ਜਸਵਿੰਦਰ ਸਿੰਘ ਟਿੰਡਵਾ, ਬਲਜਿੰਦਰ ਸਿੰਘ ਖੁਖਰਾਣਾ, ਹਰਪ੍ਰੀਤ ਸਿੰਘ ਖੁਖਰਾਣਾ, ਤਹਿਸੀਲਦਾਰ ਗੁਰਮੀਤ ਸਿੰਘ ਸਹੋਤਾ, ਕੌਂਸਲਰ ਅਰਵਿੰਦਰ ਸਿੰਘ ਕਾਨਪੁਰੀਆ, ਟਰੱਸਟ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਸਮਾਜ ਸੇਵੀ ਗੁਰਸੇਵਕ ਸਿੰਘ ਸੰਨਿਆਸੀ, ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਟਰੱਸਟੀ ਕੁਲਵਿੰਦਰ ਸਿੰਘ ਰਾਮੂੰਵਾਲਾ, ਸਮੂੰਹ ਸਰਾਫ ਯੂਨਾਇਟਿਡ ਇੰਡੀਆਂ ਵੱਲੋਂ ਮੁਨਛੀ ਰਾਮ,



ਅਸ਼ਵਨੀ ਸ਼ਰਮਾਂ, ਸੁਰਜੀਤ ਸਿੰਘ, ਮਿੱਤਲ ਜੀਰਾ, ਨੈਸਲੇ ਦੇ ਸਟਾਫ ਸਮੇਤ ਗੁਰਤੇਜ ਸਿੰਘ ਨੈਸਲੇ, ਅਮਨਦੀਪ ਸਿੰਘ ਨੈਸਲੇ, ਜਸਕੀਰਤ ਸਿੰਘ ਨੈਸਲੇ, ਜੰਗੀਰ ਸਿੰਘ ਖੋਖਰ, ਅਮਨਪ੍ਰੀਤ ਸਿੰਘ ਰਖਰਾ, ਫਿਲਮ ਅਦਾਕਾਰ ਮਨਿੰਦਰ ਮੋਗਾ, ਡਾਕਟਰ ਬਲਜੀਤ ਸਿੰਘ, ਗੋਲੂ ਕਾਲੇਕੇ, ਕੁਲਦੀਪ ਸਿੰਘ ਆਹਲੂਵਾਲੀਆ (ਸਾਬਕਾਂ ਕੌਂਸਲਰ), ਪੱਤਰਕਾਰ ਅਮਜਦ ਖਾਨ, ਪੱਤਰਕਾਰ ਕੁਲਵਿੰਦਰ ਸਿੰਘ, ਹਰਜਿੰਦਰ ਸਿੰਘ ਕੋਟਲਾ (ਜ਼ਿਲ੍ਹਾ ਇੰਚਾਰਜ : ਪਹਿਰੇਦਾਰ), ਸਾਹਿਤਕਾਰ ਗੁਰਮੇਲ ਸਿੰਘ ਬੌਡੇ, ਕਮਲਜੀਤ ਸਿੰਘ ਬੁੱਘੀਪੁਰਾ, ਜਗਤਾਰ ਸਿੰਘ ਜਾਨੀਆ, ਰਾਮ ਸਿੰਘ ਜਾਨੀਆ, ਮਹਿੰਦਰਪਾਲ ਲੂੰਬਾ, ਸਰਪੰਚ ਹਰਭਜਨ ਸਿੰਘ ਬਹੋਨਾ, ਡਾ. ਰਵੀਨੰਦਨ ਸ਼ਰਮਾਂ, ਕੁਲਦੀਪ ਸਿੰਘ ਬੱਸੀਆ (ਸਾਬਕਾ ਪ੍ਰਧਾਨ ਨਾਮਦੇਵ ਭਵਨ), ਡਾ. ਸੁਰਜੀਤ ਸਿੰਘ ਦੋਧਰ, ਡਾ. ਸਰਬਜੀਤ ਕੌਰ ਬਰਾੜ, ਮੈਡਮ ਸਰਬਜੀਤ ਕੌਰ ਮਾਹਲਾ, ਸਰੂਪ ਸਿੰਘ, ਮੈਡਮ ਜਸਵੀਰ ਕੌਰ ਚੁਗਾਵਾਂ, ਮੈਡਮ ਸੁਖਵਿੰਦਰ ਕੌਰ ਬੁੱਘੀਪੁਰਾ, ਮੈਡਮ ਅਮਨਪ੍ਰੀਤ ਕੌਰ, ਗੁਰਮੀਤ ਸਿੰਘ, ਅਮਨਪ੍ਰੀਤ ਸਿੰਘ, ਮਨਦੀਪ ਸਿੰਘ ਦੁਸਾਂਝ, ਹਰਜਿੰਦਰ ਸਿੰਘ ਬੱਧਣੀ, ਮਨਜੀਤ ਸਿੰਘ ਮਿੰਦੀ (ਮੋਦੀਖਾਨੇ ਵਾਲੇ), ਸੈਮ ਰਖਰਾ (ਰੋਇਲ ਗਰੁੱਪ), ਗੁਰਸੇਵਕ ਸਿੰਘ ਲੋਹਾਰਾ, ਭਾਈ ਮਹਿੰਦਰ ਸਿੰਘ ਮੇਹਨਤੀ, ਨਿੱਕੂ ਖੁਖਰਾਣਾ ਆਦਿ ਅਤੇ ਸਮੂੰਹ ਅਜੀਤ ਨਗਰ ਨਿਵਾਸੀ ਤੇ ਰਿਸ਼ਤੇਦਾਰਾਂ ਵੱਲੋਂ ਹਾਜ਼ਰ ਹੋ ਕੇ ਸ਼ਰਧਾਜਲੀਆਂ ਭੇਂਟ ਕੀਤੀਆਂ ਗਈਆ।

# ਕਮਲਜੀਤ ਸਿੰਘ ਦੀ ਪੀਜੀਆਈ ਚੰਡੀਗੜ੍ਹ ਵਿਖੇ ਇਲਾਜ ਦੌਰਾਨ ਮੌਤ



ਮੋਗਾ/ 16 ਮਾਰਚ 2024 / ਮਨਮੋਹਨ ਸਿੰਘ ਚੀਮਾ - 'ਮਹਿਕ ਵਤਨ ਦੀ' ਬਿਓਰੋ ਦੀ ਮੈਨੇਜਮੈਂਟ ਦੇ ਮੈਂਬਰ ਕਮਲਜੀਤ ਸਿੰਘ ਪੁਰਬਾ ਦੀ ਪੀਜੀਆਈ ਚੰਡੀਗੜ੍ਹ ਵਿਖੇ ਇਲਾਜ ਦੌਰਾਨ ਮੌਤ ਹੋ ਗਈ ਹੈ। ਬਿਓਰੋ ਦੇ ਚੀਫ਼ ਭਵਨਦੀਪ ਸਿੰਘ ਪੁਰਬਾ ਦੇ ਛੋਟੇ ਭਰਾ ਕਮਲਜੀਤ ਸਿੰਘ ਪੁਰਬਾ ਦਾ ਬੀਤੇ ਦਿਨੀਂ ਪਿੰਡ ਘੱਲਕਲਾਂ ਦੇ ਪੁਲ ਤੇ ਇੱਕ ਆਵਾਰਾ ਢੱਠੇ ਨਾਲ ਭਿਆਨਕ ਐਕਸੀਡੈਂਟ ਹੋ ਗਿਆ ਸੀ। ਇਸ ਵਕਤ ਉਹ ਜੇਰੇ ਇਲਾਜ ਪੀਜੀਆਈ ਚੰਡੀਗੜ੍ਹ ਵਿਖੇ ਦਾਖਿਲ ਸਨ। ਜਿਨ੍ਹਾਂ ਦੀ 16 ਮਾਰਚ ਨੂੰ ਇਲਾਜ ਦੌਰਾਨ ਮੌਤ ਹੋ ਗਈ ਹੈ। ਕਮਲਜੀਤ ਦੀ ਬੇ-ਵਕਤੀ ਮੌਤ ਤੇ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਦੇ ਆਗੂਆਂ ਵੱਲੋਂ ਬਾਪੂ ਸਰਦਾਰ ਗੁਰਮੇਲ ਸਿੰਘ ਪੁਰਬਾ, ਮਾਤਾ ਕਰਮਜੀਤ ਕੌਰ, ਵੀਰ ਭਵਨਦੀਪ ਸਿੰਘ ਪੁਰਬਾ, ਬਲਸ਼ਰਨ ਸਿੰਘ ਪੁਰਬਾ, ਭਰਜਾਈਆ ਭਾਗਵੰਤੀ ਪੁਰਬਾ, ਅਮਨਦੀਪ ਕੌਰ ਨਾਲ ਗਹਿਰਾ ਦੁੱਖ, ਹਮਦਰਦੀ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

ਕਮਲਜੀਤ ਸਿੰਘ ਪੁਰਬਾ ਦੀ ਬੇ-ਵਕਤੀ ਮੌਤ ਤੇ ਗੋਕਲ ਚੰਦ ਬੁੱਘੀਪੁਰਾ, ਗੁਰਸੇਵਕ ਸਿੰਘ ਸੰਨਿਆਸੀ, ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਕੌਂਸਲਰ ਅਰਵਿੰਦਰ ਸਿੰਘ ਕਾਨਪੁਰੀਆ, ਅਦਾਕਾਰ ਮਨਿੰਦਰ ਮੋਗਾ, ਡਾਕਟਰ ਬਲਜੀਤ ਸਿੰਘ, ਗੋਲੂ ਕਾਲੇਕੇ, ਕੁਲਦੀਪ ਸਿੰਘ ਆਹਲੂਵਾਲੀਆ, ਦਵਿੰਦਰਜੀਤ ਸਿੰਘ ਗਿੱਲ, ਜਗਤਾਰ ਸਿੰਘ ਜਾਨੀਆ, ਮਹਿੰਦਰਪਾਲ ਲੂੰਬਾ, ਭਾਜਪਾ ਆਗੂ ਤਰਲੋਚਨ ਸਿੰਘ ਗਿੱਲ, ਰਾਜਵਿੰਦਰ ਰੌਤਾਂ, ਫਿਲਮ ਨਿਰਦੇਸ਼ਕ ਮਨਜੀਤ ਸਰਾਂ, ਸ. ਚਮਕੌਰ ਸਿੰਘ ਸੰਘਾ (ਸਾਬਕਾ ਪ੍ਰਧਾਨ : ਫੱਕਰ ਬਾਬਾ ਦਾਮੂੰ ਸ਼ਾਹ ਜੀ), ਕੁਲਵਿੰਦਰ ਗਿੱਲ ਤਾਰੇਵਾਲਾ, ਸ਼ਵਿੰਦਰ ਤਾਰੇਵਾਲਾ, ਕੁਲਵਿੰਦਰ ਸਿੰਘ ਰਾਮੂੰਵਾਲਾ, ਲਛਮਣਜੀਤ ਸਿੰਘ ਪੁਰਬਾ, ਮੈਡਮ ਕਮਲਜੀਤ ਕੌਰ, ਮੈਡਮ ਸੁਨੀਤਾ ਚੋਪੜਾ, ਗੁਰਮੀਤ ਸਿੰਘ ਸਿਰਸਾ, ਗੁਰਪ੍ਰੀਤ ਸਿੰਘ (ਹਾਇਰ ਕੰਪਨੀ), ਯਸ਼ਪਾਲ ਅਰੋੜਾ, ਇਕਬਾਲ ਸਿੰਘ ਖੋਸਾ, ਰਣਧੀਰ ਸਿੰਘ ਕੰਗ, ਜਸਵਿੰਦਰ ਕੌਰ ਜੱਸੀ, ਤੇਜਿੰਦਰਪਾਲ ਸਿੰਘ ਚੀਮਾ (ਮੁੱਖ ਸੰਪਾਦਕ: ਦੇਸ਼ ਪ੍ਰਸ਼ਤ), ਰਾਜਿੰਦਰ ਸਿੰਘ ਕੋਟਲਾ (ਜ਼ਿਲ੍ਹਾ ਇੰਚਾਰਜ : ਰੋਜ਼ਾਨਾ ਪਹਿਰੇਦਾਰ), ਕ੍ਰਿਸ਼ਨ ਸੂਦ, ਬਲਵਿੰਦਰ ਸਿੰਘ ਦੌਲਤਪੁਰ, ਮੈਡਮ ਪੁਰਮਿਲਾ ਕੁਮਾਰੀ, ਕੁਲਦੀਪ ਸਿੰਘ ਸੈਂਭੀ, ਜਸਵੰਤ ਸਿੰਘ ਪੁਰਾਣੇਵਾਲਾ, ਸੁਖਜੀਤ ਸਿੰਘ ਵਾਲੀਆਂ ਜਲੰਧਰ, ਰਾਕੇਸ਼, ਬਿੱਟੂ ਆਦਿ ਵੱਲੋਂ ਸਮੁੱਚੇ ਪੁਰਬਾ ਤੇ ਬੇਦੀ ਪ੍ਰੀਵਾਰ ਨਾਲ ਗਹਿਰਾ ਦੁੱਖ, ਹਮਦਰਦੀ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ।

# ਕਮਲਜੀਤ ਸਿੰਘ ਪੁਰਬਾ ਦੀਆਂ ਪੁਰਾਣੀਆਂ ਯਾਦਾਂ . . . !
























ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਕੁੱਝ ਦਿਨਾਂ ਵਿੱਚ ਹੋ ਜਾਂਦਾ ਏ ਖੇਲ ਸਮਾਪਤ ਸਾਰਾ

ਜ਼ਿੰਦਗੀ ਤੇ ਮੌਤ ਪ੍ਰਮਾਤਮਾ ਦੇ ਹੱਥ ਵਿੱਚ ਹੈ ਇਹ ਸਭ ਲੋਕ ਜਾਣਦੇ ਹਨ। ਸਭ ਨੂੰ ਪਤਾ ਹੈ ਕਿ ਅਸੀਂ ਇਸ ਦੁਨੀਆਂ ਤੋਂ ਚਲੇ ਜਾਣਾ ਹੈ। ਜਦ ਬੁਲਾਵਾ ਆ ਗਿਆ ਫਿਰ ਕੋਈ ਅਹੁਦਾ ਤੁਹਾਨੂੰ ਨਹੀਂ ਬਚਾ ਸਕੇਗਾ, ਕੋਈ ਪਾਵਰ, ਕੋਈ ਰੁਤਵਾ ਤੁਹਾਡੇ ਕੰਮ ਨਹੀਂ ਆਉਣਾ। ਨਾ ਹੀ ਪੈਸਾ ਚੱਲਣਾ ਹੈ ਨਾ ਹੀ ਕੋਈ ਸਿਫਾਰਸ਼। ਫਿਰ ਵੀ ਲੋਕ ਪੈਸੇ ਦੀ ਦੌੜ ਵਿੱਚ ਏਨੇ ਅੰਨ੍ਹੇ ਹੋ ਜਾਂਦੇ ਹਨ ਕਿ ਆਪਣਾ ਦੀਨ ਈਮਾਨ ਸਭ ਕੁਝ ਗਵਾ ਦਿੰਦੇ ਹਨ।

ਜੇਕਰ ਸਾਡੇ ਲੀਡਰ, ਸਾਡੇ ਨੇਤਾ ਤੇ ਉਹ ਲੋਕ ਜਿਨ੍ਹਾਂ ਨੂੰ ਗੁਮਾਨ ਹੈ ਕਿ ਸਾਡੀ ਬਹੁਤ ਵੱਡੀ ਪਾਵਰ ਹੈ, ਸਾਡੇ ਕੋਲ ਬਹੁਤ ਜ਼ਿਆਦਾ ਪੈਸਾ ਹੈ। ਉਹ ਮਹੀਨੇ ਵਿੱਚ ਸਿਰਫ ਇੱਕ ਦਿਨ, ਕੁੱਝ ਘੰਟੇ ਪੀ.ਜੀ.ਆਈ. ਵਰਗੇ ਹਸਪਤਾਲ ਵਿੱਚ ਲਗਾ ਆਇਆ ਕਰਨ ਤਾਂ ਉਨ੍ਹਾਂ ਦੀ ਮੈਂ ਮੇਰੀ ਸਭ ਖਤਮ ਹੋ ਜਾਵੇਗੀ। ਜਿਨ੍ਹਾਂ ਲੋਕਾਂ ਨੂੰ ਵਹਿਮ ਹੈ ਕਿ ਸਾਡੇ ਬਿਨ੍ਹਾਂ ਦੁਨੀਆਂ ਨਹੀਂ ਚੱਲਣੀ ਉਹ ਆਪਣਾ ਫੇਸਬੁੱਕ, ਵਟਸਐਪ ਅਤੇ ਸੋਸ਼ਲ ਮੀਡੀਆ ਬੰਦ ਕਰਕੇ ਦੇਖ ਲੈਣ। ਲੋਕ ਮਹੀਨੇ ਵਿੱਚ ਤੁਹਾਨੂੰ ਪੂਰੀ ਤਰ੍ਹਾਂ ਭੁੱਲ ਜਾਣਗੇ। ਅਸਲ ਵਿੱਚ ਤਾਂ ਜ਼ਿੰਦਗੀ ਚਾਰ ਕੁ ਦਿਨਾਂ ਦਾ ਮੇਲਾ ਹੀ ਹੈ। ਪਤਾ ਨਹੀਂ ਕਦੋਂ ਬੁਲਾਵਾ ਆ ਜਾਣਾ ਹੈ। ਜਦੋਂ ਛੋਟੇ ਹੁੰਦੇ ਸੀ ਤਾਂ ਆਪਣੇ ਦਾਦਾ ਜੀ ਸ. ਕਰਤਾਰ ਸਿੰਘ ਪੁਰਬਾ ਤੋਂ ਸੁਣਦੇ ਸੀ ਕਿ 'ਮਰਨਾ ਸੱਚ ਤੇ ਜਿਊਣਾ ਝੂਠ'। ਪਰ ਉਦੋਂ ਇਨ੍ਹਾਂ ਗੱਲਾ ਦੀ ਸਮਝ ਨਹੀਂ ਸੀ ਆਉਂਦੀ ਕਿ ਬਜ਼ੁਰਗ ਕੀ ਕਹਿ ਰਹੇ ਹਨ। ਹੁਣ ਜਦੋਂ ਕਿਸੇ ਤੋਂ ਸੁਣੀਦਾ ਹੈ ਕਿ ਫਲਾਨਾ ਰਾਤ ਨੂੰ ਚੰਗਾ ਭਲਾ ਪਿਆ ਸੀ ਪਰ ਸਵੇਰੇ ਉਠਿਆ ਹੀ ਨਹੀਂ ਜਾਂ ਕਿਸੇ ਦਾ ਅਚਾਨਕ ਐਕਸੀਡੈਂਟ ਹੋਇਆ ਤੇ ਉਹ ਮੌਕੇ ਤੇ ਹੀ ਦਮ ਤੋੜ ਗਿਆ। ਅਜਿਹੀਆਂ ਗੱਲਾਂ ਸੁਣ ਕੇ ਦਾਦਾ ਜੀ ਦੀ ਕਹੀ ਗੱਲ ਚੇਤੇ ਆਉਂਦੀ ਹੈ ਕਿ ਵਾਕਿਆ ਹੀ 'ਮਰਨਾ ਸੱਚ ਤੇ ਜਿਊਣਾ ਝੂਠ'।

ਜੇਕਰ ਮੌਤ ਦੀ ਸੱਚਾਈ ਮਨ ਵਿੱਚ ਬੈਠ ਜਾਵੇ ਤਾਂ ਜ਼ਿੰਦਗੀ ਦਾ ਰੂਪ ਰੰਗ ਹੀ ਬਦਲ ਜਾਵੇ। ਫੇਰ ਵੱਡੇ-ਵੱਡੇ ਮੰਤਰੀ, ਸੰਤਰੀ, ਨੇਤਾ ਆਪਣੇ ਸੁਰੱਖਿਆ ਗਾਰਡਾਂ ਤੋਂ ਵਾਂਝੇ ਹੋ ਜਾਣ। ਦੇਸ਼ ਆਪਣੀਆਂ ਫੌਜਾਂ ਬਣਾਉਣੀਆਂ ਬੰਦ ਕਰ ਦੇਣ। ਨੀਮ ਹਕੀਮ ਡਾਕਟਰ ਸੇਵਾ ਭਾਵਨਾ ਨਾਲ ਮੁਫਤ ਇਲਾਜ ਕਰਨ ਲੱਗ ਪੈਣ। ਫੇਰ ਤਾਂ ਮੌਤ ਦੇ ਡਰ ਕਾਰਨ ਸਭ ਦਾ ਜੀਵਨ ਹੀ ਬਦਲ ਜਾਵੇਗਾ। ਆਮ ਬੰਦਾ ਮੌਤ ਤੋਂ ਇਸ ਲਈ ਡਰਦਾ ਹੈ ਕਿ ਉਸ ਨੂੰ ਹਰ ਵੇਲੇ ਆਪਣੇ ਘਰ-ਪਰਿਵਾਰ ਦੀ ਚਿੰਤਾ ਵੱਢ-ਵੱਢ ਖਾਂਦੀ ਰਹਿੰਦੀ ਹੈ ਕਿ ਜੇਕਰ ਉਸ ਨੂੰ ਕੁਝ ਹੋ ਗਿਆ ਤਾਂ ਉਸ ਦੇ ਪਰਿਵਾਰ ਦਾ ਕੀ ਬਣੇਗਾ। ਕਿਸੇ ਭਿਆਨਕ ਬੀਮਾਰੀ ਜਾਂ ਦੁੱਖਾਂ ਦਾ ਮਾਰਿਆ ਵਿਅਕਤੀ ਮੌਤ ਤੋਂ ਡਰਦਾ ਨਹੀਂ ਸਗੋ ਮੌਤ ਮੰਗਦਾ ਹੈ ਕਿ ਕਦੋਂ ਉਹ ਇਸ ਨਰਕ ਵਿਚੋ ਨਿਕਲੇ। ਕਈ ਅਜਿਹੇ ਬਜ਼ੁਰਗ ਆਮ ਹੀ ਦਿਸਦੇ ਹਨ ਜਿਹੜੇ ਆਪਣੀ ਕਿਰਿਆ ਵੀ ਸੋਧ ਨਹੀਂ ਸਕਦੇ ਉਹ ਮੌਤ ਨੂੰ ਆਵਾਜ਼ਾ ਮਾਰਦੇ ਹਨ ਪਰ ਮੌਤ ਉਨ੍ਹਾਂ ਨੂੰ ਨਹੀਂ ਆਉਂਦੀ, ਮੌਤ ਦਾ ਆਪਣਾ ਹੀ ਸਿਧਾਂਤ ਹੈ। ਮੌਤ ਦਾ ਨਾਮ ਹੀ ਦੁਖਦਾਈ ਹੈ। ਮੌਤ ਚਾਹੇ ਕਿਸੇ ਦੀ ਵੀ ਹੋਵੇ ਇਹ ਦਰਦ ਜ਼ਰੂਰ ਦਿੰਦੀ ਹੈ। ਜਿਸ ਦੀ ਮੌਤ ਹੋ ਗਈ ਉਸ ਨੇ ਤਾਂ ਪਤਾ ਨਹੀਂ ਕਿੱਥੇ ਚਲੇ ਜਾਣਾ ਹੈ। ਪਰ ਉਸ ਜਾਣ ਵਾਲੇ ਨਾਲ ਜਿਸ-ਜਿਸ ਦਾ ਜਿਨ੍ਹਾਂ-ਜਿਨ੍ਹਾਂ ਪਿਆਰ ਹੁੰਦਾ ਹੈ ਉਹ ਉਨ੍ਹਾਂ-ਉਨ੍ਹਾਂ ਤੜਫਦੇ ਹਨ। ਜਿਹੜਾ ਮਰ ਗਿਆ ਉਸ ਨੇ ਸਾਨੂੰ ਦੁਆਰਾ ਕਦੇ ਵੀ ਨਹੀਂ ਮਿਲਣਾ ਹੁੰਦਾ। ਜਵਾਨ ਪੁੱਤਰ ਦੀ ਮੌਤ ਹੋ ਜਾਵੇ ਤਾਂ ਇਹ ਮੌਤ ਮਾਂ-ਬਾਪ ਲਈ ਸਭ ਤੋਂ ਭਿਆਨਕ ਹੁੰਦੀ ਹੈ। ਉਹ ਆਪਣੇ ਜਵਾਨ ਪੁੱਤਰ ਨੂੰ ਯਾਦ ਕਰਕੇ ਸਾਰੀ ਉਮਰ ਮਰਦੇ ਹਨ।

ਆਪਣਿਆਂ ਦੀ ਮੌਤ ਕਿੰਨੀ ਦੁਖਦਾਈ ਹੁੰਦੀ ਹੈ ਇਹ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਸਾਡਾ ਕੋਈ ਆਪਣਾ ਸਾਥੋਂ ਸਦਾ ਲਈ ਵਿਛੜ ਜਾਂਦਾ ਹੈ। ਸਭ ਨੂੰ ਪਤਾ ਹੈ ਕਿ ਜ਼ਿੰਦਗੀ ਚਾਰ ਕੁ ਦਿਨਾਂ ਦਾ ਮੇਲਾ ਹੈ ਅਸਾਂ ਸਭ ਨੇ ਇਕ ਦਿਨ ਇਸ ਦੁਨੀਆਂ ਨੂੰ ਅਲਵਿਦਾ ਆਖ ਕੇ ਤੁਰ ਜਾਣਾ ਹੈ ਫਿਰ ਵੀ ਬੰਦਾ ਦਿਨ-ਰਾਤ ਮੇਰੀ-ਮੇਰੀ ਕਰਦਾ ਭੱਜਿਆ ਫਿਰਦਾ ਹੈ। ਦਿਨ ਰਾਤ ਧੰਨ-ਦੌਲਤ, ਸ਼ੋਹਰਤ ਨੂੰ ਇਕੱਠੀ ਕਰਨ ਤੇ ਜ਼ੋਰ ਦਿੰਦਾ ਰਹਿੰਦਾ ਹੈ। ਸਭ ਨੂੰ ਸਭ ਕੁਝ ਦਿਸ ਰਿਹਾ ਹੈ ਕੋਈ ਕੁਝ ਨਹੀਂ ਲੈ ਕੇ ਗਿਆ। ਅਸੀਂ ਵੀ ਨਹੀਂ ਲਿਜਾ ਸਕਣਾ। ਪਰ ਫਿਰ ਵੀ ਅਸੀਂ ਭਟਕਦੇ ਹੀ ਫਿਰਦੇ ਹਾਂ। ਜਦੋਂ ਅਸੀਂ ਕਿਸੇ ਅਰਥੀ ਦੇ ਨਾਲ ਜਾਂ ਕਿਸੇ ਸੰਸਕਾਰ ਤੇ ਜਾਈਏ ਉਸ ਸਮੇਂ ਅਸੀਂ ਸੱਚਾਈ ਦੇ ਨੇੜੇ ਹੁੰਦੇ ਹਾਂ ਉਨ੍ਹਾਂ ਚਿਰ ਅਸਲੀਅਤ ਦੇ ਦਰਸ਼ਨ ਹੁੰਦੇ ਹਨ ਪਰ ਘਰ ਆਉਂਦਿਆਂ ਸਾਰ ਹੀ ਮੋਹ ਮਾਇਆ ਵਿੱਚ ਫਸ ਕੇ ਫੇਰ ਮੌਤ ਵਿਸਰ ਜਾਂਦੀ ਹੈ।

ਕਿਸੇ ਦੀ ਮੌਤ ਤੇ ਭਾਣਾ ਮੰਨਣਾ ਕਹਿਣਾ ਸੌਖਾ, ਪਰ ਆਪਣਿਆ ਦੀ ਮੌਤ ਦਾ ਭਾਣਾ ਮੰਨਣਾ ਬਹੁਤ ਔਖਾ ਹੁੰਦਾ ਹੈ। ਦੁਨੀਆਂ ਲਈ ਕਿਸੇ ਦੀ ਵੀ ਮੌਤ ਕੁੱਝ ਦਿਨਾਂ ਦੀ ਯਾਦ ਹੁੰਦੀ ਹੈ। ਸਭ ਤੋਂ ਪਹਿਲਾ ਕਿਸੇ ਦੀ ਦੀ ਮੌਤ, ਮੌਤ ਤੋਂ ਬਾਅਦ ਉਸ ਦਾ ਸੰਸਕਾਰ, ਸੰਸਕਾਰ ਤੋਂ ਬਾਅਦ ਫੁੱਲ ਚੁਗਣੇ, ਫੁੱਲ ਪਾਉਣੇ ਤੇ ਅਖੀਰ ਵਿੱਚ ਅੰਤਿਮ ਅਰਦਾਸ। ਕੁੱਝ ਦਿਨਾਂ ਵਿੱਚ ਸਾਰਾ ਖੇਲ ਸਮਾਪਤ ਹੋ ਜਾਂਦਾ ਹੈ। ਦੁਨੀਆਂ ਤਾਂ ਕੁੱਝ ਹਫਤਿਆਂ ਵਿੱਚ ਜਾਂ ਕੁੱਝ ਮਹੀਨਿਆਂ ਵਿੱਚ ਸਭ ਨੂੰ ਭੁੱਲ ਜਾਦੀ ਹੈ। ਪਰ ਪ੍ਰੀਵਾਰ ਵਾਲੇ ਆਖਰੀ ਸਾਹ ਤੱਕ ਆਪਣੇ ਵਿਛੜੇ ਮੈਂਬਰ ਨੂੰ ਯਾਦ ਰੱਖਦੇ ਹਨ। ਹਰ ਖੁਸ਼ੀ ਗਮੀ ਦੇ ਮੌਕੇ ਉਸ ਦੀ ਯਾਦ ਆਉਂਦੀ ਹੈ। ਜਾਣਾ ਤਾਂ ਸਭ ਨੇ ਹੀ ਹੁੰਦਾ ਹੈ ਪਰ ਜਾਣ ਵਾਲਾ ਵਿਅਕਤੀ ਆਪਣੀ ਉਮਰ ਭੋਗ ਕੇ ਜਾਵੇ, ਆਪਣੀਆਂ ਜ਼ੁੰਮੇਵਾਰੀਆਂ ਪੂਰੀਆਂ ਨਿਬੇੜ ਕੇ ਜਾਵੇ ਤਾਂ ਮੌਤ ਦਾ ਉਨ੍ਹਾਂ ਦੁੱਖ ਨਹੀਂ ਹੁੰਦਾ। ਬੇ-ਵਕਤ ਤੁਰ ਜਾਣ ਵਾਲਿਆਂ ਦੀ ਘਾਟ ਹਮੇਸ਼ਾ ਰੜਕਦੀ ਰਹਿੰਦੀ ਹੈ।

ਭਵਨਦੀਪ ਸਿੰਘ

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 9 | Edition 01 | Issue Date 05-05-2024

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ

ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ

ਇੰਚਾਰਜ (ਪ੍ਰਿੰਟਿੰਗ ਵਿਭਾਗ) : ਸੁਖਜੀਤ ਸਿੰਘ ਵਾਲੀਆ

ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ

ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ

ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ

ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ

ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ

ਫੋਟੋਗ੍ਰਾਫਰ/ਕੈਮਰਾਮੈਨ (ਆਨਰੇਰੀ) : ਉਮੰਗਦੀਪ ਕੌਰ ਪੁਰਬਾ, ਏਕਮਜੋਤ ਸਿੰਘ ਪੁਰਬਾ

ਸਟਾਫ਼ ਪ੍ਰੈਸ ਫੋਟੋਗ੍ਰਾਫਰ : ਮਨਮੋਹਨ ਸਿੰਘ ਚੀਮਾ



## ਸਾਡੇ ਮਾਣਯੋਗ ਵਿਸ਼ੇਸ਼ ਪੱਤਰਕਾਰ ਪ੍ਰਤੀਨਿਧ !

ਰਾਜਵਿੰਦਰ ਰੌਤਾ (ਨਿਹਾਲ ਸਿੰਘ ਵਾਲਾ)
ਰਜਿੰਦਰ ਸਿੰਘ ਕੋਟਲਾ (ਬਾਘਾ ਪੁਰਾਣਾ)
ਹਰਜਿੰਦਰ ਸਿੰਘ ਬੱਡੂਵਾਲੀਆਂ (ਧਾਰਮਿਕ ਪ੍ਰਤੀਨਿਧ)
ਡਾ. ਜਗਤਾਰ ਸਿੰਘ ਪਰਮਿਲ (ਨਾਹਲ ਖੋਟੇ)
ਰਾਜਿੰਦਰ ਖੋਸਾ (ਤਾਰੇਵਾਲਾ)
ਕੁਲਦੀਪ ਸਿੰਘ ਸੈਂਭੀ
ਹਰਪ੍ਰੀਤ ਸਿੰਘ ਹੈਪੀ ਦੋਸਾਂਝ (ਧਰਮਕੋਟ)
ਜਸਵਿੰਦਰ ਕੌਰ ਜੱਸੀ (ਜ਼ਿਲ੍ਹਾ ਇੰਚਾਰਜ : ਜਲੰਧਰ)
ਸ਼ਵਿੰਦਰ ਸਿੰਘ ਗਿੱਲ ਤਾਰੇਵਾਲਾ (ਨਵਾਂ ਮੋਗਾ)
ਕੁਲਵਿੰਦਰ ਸਿੰਘ ਰਾਮੂੰਵਾਲਾ
ਦਰਸ਼ੀ ਭੱਟੀਵਾਲ (ਲਿਵਲਾਨ) ਫ਼ਿਲਮੀ ਪ੍ਰਤੀਨਿਧ
ਮਹਿੰਦਰ ਸਿੰਘ ਮੇਹਨਤੀ
ਜਸਵੀਰ ਸ਼ਰਮਾ ਦੱਦਾਹੂਰ (ਸ਼੍ਰੀ ਮੁਕਤਸਰ ਸਾਹਿਬ)
ਵਿਸ਼ਾਲ ਸਿੰਘ (ਸ਼੍ਰੀ ਅੰਮ੍ਰਿਤਸਰ ਸਾਹਿਬ)
ਡਾ. ਸਰਬਜੀਤ ਕੌਰ ਬਰਾੜ (ਸਾਹਿਤਕ ਪ੍ਰਤੀਨਿਧ)
ਪਰਮਜੀਤ ਕੌਰ (ਸਾਹਿਤਕ ਪ੍ਰਤੀਨਿਧ)
ਬਲਦੇਵ ਸਿੰਘ ਆਜ਼ਾਦ (ਦੌਧਰ)
ਸੁਖਜੀਤ ਕੌਰ ਸਾਰੋ (ਕੈਨੇਡਾ)

ਕਰਮਜੀਤ ਸਿੰਘ ਭਲੂਰ
ਮਨਿੰਦਰ ਮੋਗਾ (ਇੰਚਾਰਜ : ਵੈੱਬ ਟੀ.ਵੀ.)
ਸਿਮਰਜੀਤ ਸਿੰਘ ਲਾਹੌਰੀਆ
(ਇੰਚਾਰਜ/ਟੈਕਨੀਕਲ : ਆਨਲਾਇਨ ਅਖ਼ਬਾਰ)

**ਰਜਿਸਟਰ ਆਫ਼ਿਸ**
1195, ਅਜੀਤ ਨਗਰ ਮੋਗਾ (ਪੰਜਾਬ)

**ਪ੍ਰੈੱਸ ਆਫ਼ਿਸ**
ਅੱਡਾ ਹੁਸ਼ਿਆਰਪੁਰ ਚੌਂਕ, ਮਾਈ ਹੀਰਾ ਗੇਟ
ਜਲੰਧਰ (ਪੰਜਾਬ)

ਸੰਪਰਕ
Office : 01636-501620
Help Line : 9988-92-9988
Website : www.mehakwatandilive.com
E-mail : mehakwattandi@rediffmail.com
mehakwatandilive.tv@gmail.com
Facebook : Mehak Watan Di Live
Youtube : Mehak Watan Di Live
Instagram : mehakwatandilive
Twiter : mehakwatandilive

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਟਾਇਪ ਕਰਕੇ ਮੈਗਜ਼ੀਨ ਦੀ ਈ-ਮੇਲ ਜਾਂ ਵਟਸਐਪ ਨੰਬਰ 'ਤੇ ਭੇਜੀਆਂ ਜਾਣ ਜੀ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਡਿਜ਼ਾਇਨਿੰਗ :
**Walia Enterprises**
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
**Help Line: (+91) 9988-92-9988** ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

# ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦਾ ਤਿੰਨ ਦਿਨਾਂ ਸਲਾਨਾ ਬਰਸ਼ੀ ਸਮਾਗਮ ਸੰਪੰਨ

## ਧਾਰਮਿਕ ਸਮਾਗਮ ਦੀ ਸਮਾਪਤੀ ਤੇ ਹੋਇਆ 32 ਕਿਲੋ ਕਬੱਡੀ ਦਾ ਸ਼ਾਨਦਾਰ ਟੂਰਨਾਮੈਂਟ



ਮੋਗਾ/ ਮਨਮੋਹਨ ਸਿੰਘ ਚੀਮਾ

ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦਾ ਤਿੰਨ ਦਿਨ੍ਹਾਂ ਸਲਾਨਾ ਬਰਸ਼ੀ ਸਮਾਗਮ ਉਨ੍ਹਾਂ ਦੇ ਤਪ ਅਸਥਾਨ ਅਤੇ ਅੰਗੀਠਾ ਸਾਹਿਬ ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ ਵਿਖੇ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ 'ਮਹਿਕ ਵਤਨ ਦੀ ਫਾਉਡੇਸ਼ਨ (ਰਜਿ:) ਮੋਗਾ' ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਸਲਾਨਾ ਬਰਸ਼ੀ ਦੇ ਸਬੰਧ ਵਿੱਚ ਉਨ੍ਹਾਂ ਦੇ ਤਪ ਅਸਥਾਨ ਅਤੇ ਅੰਗੀਠਾ ਸਾਹਿਬ ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਦੀ ਸੁਪਰਸਤੀ ਵਿੱਚ ਧਾਰਮਿਕ ਦੀਵਾਨ ਹੋਇਆਂ ਜਿਸ ਵਿੱਚ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਸੰਤ ਬਾਬਾ ਮਹਿੰਦਰ ਸਿੰਘ ਜੀ ਜਨੇਰ, ਸੰਤ ਬਾਬਾ ਜਗਤਾਰ ਸਿੰਘ ਜੀ ਵਰ੍ਹਿਆਂ ਵਾਲੇ ਮੁੱਖ ਤੌਰ ਤੇ ਹਾਜ਼ਿਰ ਹੋਏ। ਇਸ ਮੌਕੇ ਕੀਰਤਨ ਦਰਬਾਰ ਵਿੱਚ ਬਾਬਾ ਗੁਰਮੀਤ ਸਿੰਘ ਨਾਨਕਸਰ ਠਾਠ ਭਰੋਵਾਲ, ਬਾਬਾ ਜਗਸ਼ੀਰ ਸਿੰਘ ਜੀ ਲੋਹਾਰਾ, ਬਾਬਾ ਕਰਮਜੀਤ ਸਿੰਘ ਜੀ, ਬਾਬਾ ਲਵਪ੍ਰੀਤ ਸਿੰਘ ਜੀ ਪੰਜਗਰਾਈ, ਭਾਈ ਰਵਿੰਦਰ ਸਿੰਘ ਜੀ ਫਰੀਦਕੋਟ, ਸੰਤ ਬਾਬਾ ਪਵਨਦੀਪ ਸਿੰਘ ਜੀ ਕੜਿਆਲ ਵਾਲਿਆ ਦਾ ਜੱਥਾ, ਬਾਬਾ ਸੁਖਮੰਦਰ ਸਿੰਘ ਜੀ ਬੁੱਟਰ ਵਾਲੇ ਆਦਿ ਜੱਥਿਆ ਨੇ ਰਸਭਿਨ੍ਹੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਧਾਰਮਿਕ ਸਮਾਗਮ ਦੀ ਸਮਾਪਤੀ ਤੋਂ ਬਾਅਦ ਸੰਤ ਬਾਬਾ ਨੰਦ ਸਿੰਘ ਜੀ ਸੇਵਾ ਸੋਸਾਇਟੀ ਪਿੰਡ ਲੋਹਾਰਾ ਵੱਲੋਂ 32 ਕਿਲੋ ਕਬੱਡੀ ਦਾ ਸ਼ਾਨਦਾਰ ਟੂਰਨਾਮੈਂਟ ਹੋਇਆ ਜਿਸ ਵਿੱਚ 46 ਟੀਮਾ ਨੇ ਭਾਗ ਲਿਆ। ਸੰਤ ਬਾਬਾ ਜਗਤਾਰ ਸਿੰਘ ਜੀ ਵਰ੍ਹਿਆਂ ਵਾਲੇ ਖਿਡਾਰੀਆਂ ਨਾਲ ਜਾਣ ਪਹਿਚਾਨ ਕਰਦੇ ਹੋਏ ਇਸ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਈ। ਇਹ ਟੂਰਨਾਮੈਂਟ ਦੇਰ ਰਾਤ ਤੱਕ ਚੱਲਿਆ, ਜਿਸ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਇਨ੍ਹਾਂ ਪ੍ਰੋਗਰਾਮਾਂ ਮੌਕੇ ਸੰਗਤਾਂ ਦੇ ਭਾਰੀ ਇਕੱਠ ਵਿੱਚ ਸ. ਗੁਰਮੇਲ ਸਿੰਘ ਪੁਰਬਾ (ਰਿਟਾਇਰਡ ਏ.ਏ.ਓ. ਯੁਨਾਇਟਡ ਇੰਡੀਆਂ), ਮਨਮੋਹਨ ਸਿੰਘ ਚੀਮਾ, ਗੁਰਸੇਵਕ ਸਿੰਘ ਮਠਾੜੂ ਸਾਬਕਾ ਮੈਂਬਰ, ਸਿੰਗਾਰਾ ਸਿੰਘ, ਭਾਈ ਬਲਜਿੰਦਰ ਸਿੰਘ ਖੁਖਰਾਣਾ, ਸ. ਬਲਦੇਵ ਸਿੰਘ ਆਜ਼ਾਦ, ਦਵਿੰਦਰ ਸਿੰਘ ਪੱਪੂ ਬੁੱਟਰ, ਬਖਤੌਰ ਸਿੰਘ ਗਿੱਲ, ਅਮਰੀਕ ਸਿੰਘ ਰਿੰਕੂ, ਮਨਦੀਪ ਸਿੰਘ ਗਿੱਲ, ਜਗਰਾਜ ਸਿੰਘ ਗਿੱਲ, ਲਖਵਿੰਦਰ ਸਿੰਘ ਲੱਖਾ, ਬਲਸ਼ਰਨ ਸਿੰਘ ਪੁਰਬਾ, ਗੁਰਮੀਤ ਸਿੰਘ ਲੋਹਾਰਾ, ਹਰਮਨ ਸਿੰਘ ਲੋਹਾਰਾ, ਸ਼੍ਰੀਮਤੀ ਕਰਮਜੀਤ ਕੌਰ, ਸਰਬਜੀਤ ਕੌਰ ਲੋਹਾਰਾ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਉੱਪ ਮੁੱਖ ਸੰਪਾਦਕ ਮੈਡਮ



ਭਾਗਵੰਤੀ ਪੁਰਬਾ, ਬਲਜਿੰਦਰ ਕੌਰ, ਸੁਖਵਿੰਦਰ ਕੌਰ, ਸਤਨਾਮ ਸਿੰਘ, ਬੇਅੰਤ ਸਿੰਘ, ਏਕਮਜੋਤ ਸਿੰਘ ਪੁਰਬਾ, ਉਮੰਗਦੀਪ ਕੌਰ ਪੁਰਬਾ, ਸਹਿਜਪ੍ਰੀਤ ਸਿੰਘ ਮਾਣੇਵਾਲਾ, ਗੁਰਸਹਿਜ ਸਿੰਘ, ਜਸਨਪ੍ਰੀਤ ਕੌਰ, ਚੰਦਨਪ੍ਰੀਤ ਕੌਰ, ਮੱਲ ਸਿੰਘ ਸਾਬਕਾ ਮੈਂਬਰ, ਬਲਸ਼ਰਨ ਸਿੰਘ ਪੁਰਬਾ, ਗੁਰਮੀਤ ਸਿੰਘ ਲੋਹਾਰਾ, ਹਰਮਨ ਸਿੰਘ ਲੋਹਾਰਾ, ਪੱਤਰਕਾਰ ਜਗਰਾਜ ਸਿੰਘ ਗਿੱਲ, ਲਖਵਿੰਦਰ ਸਿੰਘ ਲੱਖਾ, ਜਸਵੀਰ ਸਿੰਘ, ਗੁਰਮੁੱਖ ਸਿੰਘ, ਸੁਰਜੀਤ ਸਿੰਘ ਲੋਹਾਰਾ, ਗੁਰਮੀਤ ਸਿੰਘ ਬਲਾਕ ਸੰਮਤੀ ਮੈਂਬਰ, ਪ੍ਰਧਾਨ ਅਵਤਾਰ ਸਿੰਘ, ਜੀਤ ਸਿੰਘ, ਚੰਦ ਸਿੰਘ, ਦੀਪਾ ਲੁਹਾਰਾ, ਦਿਲਬਾਗ ਸਿੰਘ ਜੌਹਲ, ਪ੍ਰਭਜੋਤ ਸਿੰਘ, ਗੁਰਪਾਲ ਸਿੰਘ ਸੈਭੀ, ਸਨੀ ਸਿੰਘ, ਬਲਜੀਤ ਸਿੰਘ ਔਗੜ, ਬਿੰਦੀ ਔਗੜ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

# ਚੰਦ ਪੁਰਾਣਾ ਵਿਖੇ ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਇਆ ਗਿਆ

## ਗੁਰੂ ਸਾਹਿਬ ਵੱਲੋਂ ਸਾਜੇ ਖਾਲਸੇ ਦੇ ਮਨੋਰਥ ਅਨੁਸਾਰ ਕੌਮ ਦੀ ਚੜ੍ਹਦੀ ਕਲਾ ਲਈ ਕਾਰਜਸ਼ੀਲ ਰਹੀਏ - ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ



ਬਾਘਾ ਪੁਰਾਣਾ/ ਭਵਨਦੀਪ ਸਿੰਘ,
ਮਨਮੋਹਨ ਸਿੰਘ ਚੀਮਾ

ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਜਿੱਥੇ ਹਰ ਦਿਨ ਤਿਉਹਾਰ ਗੁਰਮਤਿ ਅਨੁਸਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਉੱਥੇ ਖਾਲਸਾ ਪੰਥ ਦਾ ਸਾਜਨਾ ਦਿਵਸ ਵੀ ਬੜੀ ਧੂਮਧਾਮ ਦੇ ਨਾਲ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਦੀ ਰਹਿਨੁਮਈ ਹੇਠ ਸੰਗਤਾਂ ਦੇ ਸਹਿਯੋਗ ਦੇ ਨਾਲ ਮਨਾਇਆ ਗਿਆ। ਇਸ ਮੌਕੇ ਤਿੰਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਰੱਬੀ ਬਾਣੀ ਦਾ ਕੀਰਤਨ ਭਾਈ ਕਮਲਜੀਤ ਸਿੰਘ ਜੀ ਆਲਮਾਲਾ, ਭਾਈ ਜਸਪਾਲ ਸਿੰਘ ਜੀ ਲੱਲਿਆ ਵਾਲੇ ਅਤੇ ਪ੍ਰਸਿੱਧ ਕਵੀਸ਼ਰੀ ਜੱਥਾ ਪੰਡਿਤ ਸੋਮਨਾਥ ਜੀ ਰੋਡਿਆਂ ਵਾਲੇ ਅਤੇ ਕਵੀਸ਼ਰ ਜੱਥਾ ਭਾਈ ਸਿੰਘ ਤਰਸੇਮ ਸਿੰਘ ਫਤਿਹਗੜ੍ਹ ਪੰਜਤੂਰ ਵਾਲਿਆਂ ਨੇ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਉਪਰੰਤ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਸਵੈਮਾਣ ਨਾਲ ਜਿਊਣ ਦਾ ਰਾਹ ਦਿਖਾਇਆ। ਸਾਡਾ ਸਭ ਦਾ ਫ਼ਰਜ਼ ਹੈ ਕਿ ਗੁਰੂ ਸਾਹਿਬ ਵੱਲੋਂ ਸਾਜੇ ਖਾਲਸੇ ਦੇ ਮਨੋਰਥ ਅਨੁਸਾਰ ਕੌਮ ਦੀ ਚੜ੍ਹਦੀ ਕਲਾ ਲਈ ਕਾਰਜਸ਼ੀਲ ਰਹੀਏ। ਇਸ ਮੌਕੇ ਉਨ੍ਹਾਂ ਸਮੁੱਚੀ ਕੌਮ ਨੂੰ ਖ਼ਾਲਸਾ ਸਾਜਣਾ ਦਿਵਸ ਦੀ ਵਧਾਈ ਵੀ ਦਿੱਤੀ। ਉਨ੍ਹਾਂ ਕਿਹਾ 13 ਅਪ੍ਰੈਲ ਵਾਲੇ ਦਿਨ ਹੀ ਜਲ੍ਹਿਆ ਵਾਲੇ ਬਾਗ਼ ਵਿੱਚ ਜਨਰਲ ਅਡਵਾਇਰ ਦੇ ਹੁਕਮ ਤੇ ਨਿਹੱਥੇ ਲੋਕਾਂ ਤੇ ਅੰਨ੍ਹੇਵਾਹ ਗੋਲੀ ਚਲਾਈ ਗਈ ਤੇ ਦੁਖਦਾਈ ਇਤਿਹਾਸਕ ਕਾਂਡ ਵਾਪਰਿਆ ਸੀ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਅਨੇਕਾਂ ਹੀ ਹੋਰ ਕਈ ਘਟਨਾਵਾਂ ਹਨ ਜੋ ਇਸੇ ਦਿਨ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਇਤਿਹਾਸਕ ਵਿਰਸੇ ਨੂੰ ਸੰਭਾਲਣ ਲਈ ਇਨ੍ਹਾਂ ਦਿਹਾੜਿਆਂ ਨੂੰ ਚੜ੍ਹਦੀ ਕਲਾ 'ਚ ਮਨਾਉਣਾ ਚਾਹੀਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਦੀ ਸੇਧ ਵਿੱਚ ਦਸਵੇਂ ਪਾਤਿਸ਼ਾਹ ਜੀ ਨੇ ਖਾਲਸਾ ਸਾਜਨਾ ਨਾਲ ਲਤਾੜੇ ਤੇ ਨਿਮਾਣੇ ਲੋਕਾਂ ਵਿਚ ਅਜਿਹੀ ਸ਼ਕਤੀ ਦਾ ਸੰਚਾਰ ਕੀਤਾ ਕਿ ਉਹ ਅਤਿਆਚਾਰੀਆਂ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਏ। ਉਨ੍ਹਾਂ ਨੇ ਏਕਤਾ, ਸਮਾਨਤਾ ਅਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਲਈ। ਸਿੱਖ ਇਤਿਹਾਸ ਵਿੱਚ ਦਰਜ ਸਿੱਖ ਸੂਰਮਗਤੀ ਦੀਆਂ ਅਨੇਕਾਂ ਮਿਸਾਲਾਂ ਇਸ ਗੱਲ ਦੀ ਤਸਦੀਕ ਹਨ।



ਇਸ ਮੌਕੇ ਭਾਈ ਬਿੱਲੂ ਸਿੰਘ ਚੰਦਪੁਰਾਣਾ, ਭਾਈ ਚਮਕੌਰ ਸਿੰਘ ਚੰਦਪੁਰਾਨਾ, ਧਰਮ ਸਿੰਘ ਕਾਲੇ ਕੇ, ਅਜਮੇਰ ਸਿੰਘ, ਨਛੱਤਰ ਸਿੰਘ ਆਦਿ ਹਾਜ਼ਰ ਸਨ। ਸਟੇਜ਼ ਦੀ ਸੇਵਾ ਭਾਈ ਦਰਸ਼ਨ ਸਿੰਘ ਡਰੋਲੀ ਭਾਈ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਗੁਰੂ ਦਾ ਲੰਗਰ ਅਟੁੱਟ ਵਰਤਿਆ।

# ਬਾਬਾ ਪਵਨਦੀਪ ਸਿੰਘ ਜੀ ਦੀ ਸੁਪਰਸਤੀ ਹੇਠ ਕੇਰ ਵਾਲੀ ਖੂਹੀ ਕੜਿਆਲ ਦਾ ਸਲਾਨਾ ਸੱਤ ਰੋਜਾ ਸੰਤ ਸਮਾਗਮ ਸਪੰਨ

ਮੋਗਾ/ ਮਨਮੋਹਨ ਸਿੰਘ ਚੀਮਾ

ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਵਿਖੇ ਸੰਤ ਬਾਬਾ ਨਰਾਇਣ ਹਰੀ ਜੀ ਮਣੀਕਰਨ ਸਾਹਿਬ ਵਾਲਿਆ ਅਤੇ ਸੰਤ ਬਾਬਾ ਪਾਲਾ ਸਿੰਘ ਜੀ ਕੜਿਆਲ ਵਾਲਿਆ ਦੀ ਮਿੱਠੀ ਯਾਦ ਨੂੰ ਸਮਰਪਿਤ ਸਲਾਨਾ ਸੱਤ ਰੋਜਾ ਮਹਾਨ ਸੰਤ ਸਮਾਗਮ ਮੌਜੂਦਾ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸੁਪਰਸਤੀ ਹੇਠ ਸਪੰਨ ਹੋਇਆਂ। ਸੱਤ ਰੋਜਾ ਸੰਤ ਸਮਾਗਮ ਦੀ ਸਮਾਪਤੀ ਤੇ ਵਿਸ਼ਾਲ ਧਾਰਮਿਕ ਦੀਵਾਨ ਸਜਿਆ। ਸੱਤ ਰੋਜਾ ਸਮਾਗਮਾਂ ਵਿੱਚ ਹਰ ਰੋਜ ਸ਼ਾਮ 7 ਵਜੇ ਤੋਂ ਰਾਤ 11 ਵਜੇ ਤੱਕ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਸੰਤ ਬਾਬਾ ਪੰਜਾਬ ਸਿੰਘ ਜੀ, ਰਾਗੀ ਭਾਈ ਜਤਿੰਦਰ ਸਿੰਘ, ਭਾਈ ਸਤਨਾਮ ਸਿੰਘ ਜੀ ਜਨੇਰ ਟਕਸਾਲ (ਕਥਾਵਾਚਕ), ਸੰਤ ਬਾਬਾ ਰਣਜੀਤ ਸਿੰਘ ਜੀ ਰਸੂਲਪੁਰ, ਸੰਤ ਬਾਬਾ ਅਜਮੇਰ ਸਿੰਘ ਜੀ ਭਰੋਵਾਲ, ਭਾਈ ਹਰਕ੍ਰਿਸ਼ਨ ਸਿੰਘ ਜੀ, ਸੰਤ ਬਾਬਾ ਰਵਿੰਦਰ ਸਿੰਘ ਰੌਲੀ, ਸੰਤ ਬਾਬਾ ਹਰਵਿੰਦਰ ਸਿੰਘ ਜੀ (ਜੋਨੀ) ਤਖਾਣਵੱਧ ਵਾਲੇ, ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ, ਸੰਤ ਬਾਬਾ ਭਗਤ ਸਿੰਘ ਜੀ ਢੱਕੀ ਖਾਸੀ ਕਲਾਂ, ਸੰਤ ਬਾਬਾ ਦੇਵਾ ਨੰਦ ਜੀ ਆਲਮਗੀਰ, ਸੰਤ ਬਾਬਾ ਭੋਲਾ ਜੀ ਬੱਡੂਵਾਲ, ਸੰਤ ਬਾਬਾ ਜਗਤਾਰ ਸਿੰਘ ਜੀ ਵਰ੍ਹੇ, ਸੰਤ ਬਾਬਾ ਅਮਰੀਕ ਸਿੰਘ ਜੀ, ਸੰਤ ਬਾਬਾ ਅਵਤਾਰ ਸਿੰਘ ਜੀ ਧੂਲਕੋਟ ਵਾਲੇ, ਭਾਈ ਸੁਖਪ੍ਰੀਤ ਸਿੰਘ ਖਾਲਸਾ ਆਦਿ ਪ੍ਰਸਿੱਧ ਕਥਾ



ਵਾਚਕ ਅਤੇ ਮਹਾਪੁਰਖਾਂ ਨੇ ਆਪਣੇ ਪ੍ਰਵਚਨਾਂ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ।

ਸੱਤ ਦਿਨਾ ਦੇ ਰਾਤ ਦੇ ਦੀਵਾਨਾਂ ਦੀ ਸੰਪੂਰਨਤਾ ਤੇ ਸੁਭਾ 10 ਵਜੇ ਸਪਤਾਹਿਕ ਪਾਠ ਦੇ ਭੋਗ ਪਾਏ ਗਏ। ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਹਾਜਰ ਹੋਈ। ਭੋਗ ਉਪਰੰਤ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਸੰਤ ਬਾਬਾ ਜਗਤਾਰ ਸਿੰਘ ਜੀ ਵਰ੍ਹੇ, ਸੰਤ ਬਾਬਾ ਭੈਣ ਜੀ, ਭਾਈ ਹਰਪ੍ਰੀਤ ਸਿੰਘ ਕੋਟ, ਰਾਗੀ ਸਤਨਾਮ ਸਿੰਘ ਰਣੀਆ, ਭਾਈ ਸੁਖਜੀਤ ਸਿੰਘ ਜੀ ਫਿਰੋਜ਼ਪੁਰ, ਸੰਤ ਬਾਬਾ ਹਰਮਿੰਦਰ ਜੀ, ਭਾਈ ਰਸ਼ਪਾਲ ਸਿੰਘ ਜੀ, ਸੁਰਿੰਦਰ ਸਿੰਘ, ਬੀਬੀ ਰਾਜਵਿੰਦਰ ਕੌਰ ਖਾਲਸਾ, ਬਾਬਾ ਸ਼ਿੰਦਰ ਸਿੰਘ ਜੀ, ਮਹੰਤ ਸ਼ਿਵਰਾਓ ਜੀ, ਸੰਤ ਬਾਬਾ ਮਹਿੰਦਰ ਸਿੰਘ ਜੀ ਜਨੇਰ, ਭਾਈ ਹਰਜੀਤ ਸਿੰਘ ਕਥਾਵਾਚਕ, ਬੀਬੀ ਪਰਮਜੀਤ ਕੌਰ ਖਾਲਸਾ, ਭਾਈ ਪ੍ਰਤਾਪ ਸਿੰਘ, ਸੰਤ ਬਾਬਾ ਅਮਰਜੀਤ ਸਿੰਘ ਜੀ ਧੂਰਕੋਟ ਵਾਲੇ, ਕਵੀਸ਼ਰ ਭਾਈ ਮਲਕੀਤ ਸਿੰਘ ਪੰਖੇਰੂ, ਢਾਡੀ ਜੱਥਾ ਭਾਈ ਜਸਵਿੰਦਰ ਸਿੰਘ ਬਾਗੀ ਅਤੇ ਹੋਰ ਕਈ ਰਾਗੀ, ਢਾਡੀ ਜੱਥੇ ਅਤੇ ਸੰਤਾ ਮਹਾਂਪਰਖਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ਼ ਦੀ ਸੇਵਾ ਜੱਥੇਦਾਰ ਕੁਲਵਿੰਦਰ ਸਿੰਘ ਧਰਮਕੋਟ ਵਾਲਿਆ ਨੇ ਨਿਭਾਈ। ਚਾਹ, ਜਲੇਬੀਆਂ ਅਤੇ ਗੁਰੂ ਘਰ ਦੇ ਅਟੁੱਟ ਲੰਗਰ ਚੱਲਦੇ ਰਹੇ। ਇਨ੍ਹਾਂ ਸਮਾਗਮਾਂ ਦੌਰਾਨ ਹੋਰਨਾਂ ਤੋਂ ਇਲਾਵਾ ਬਾਬਾ ਜਸਵੀਰ ਸਿੰਘ ਜੀ ਲੋਹਾਰੇ ਵਾਲੇ, ਜਰਨਲਿਸਟ ਸ. ਭਵਨਦੀਪ ਸਿੰਘ ਪੁਰਬਾ, ਸ. ਅਮਰਜੀਤ ਸਿੰਘ (ਜ਼ਿਲ੍ਹਾ ਪ੍ਰਧਾਨ: ਸ਼੍ਰੋਮਣੀ ਅਕਾਲੀ ਦਲ ਮੋਗਾ), ਸੁਖਜੀਵਨ ਸਿੰਘ ਸੁੱਖਾ, ਮਨਮੋਹਨ ਸਿੰਘ ਚੀਮਾ, ਭਾਈ ਗੁਰਜੀਤ ਸਿੰਘ, ਸਰਬਜੀਤ ਸਿੰਘ, ਮਨਜਿੰਦਰ ਸਿੰਘ ਚੁੱਗਾ ਕਲਾਂ, ਹਰਨੇਕ ਸਿੰਘ ਗਗੜਾ ਆਦਿ ਮੁੱਖ ਤੌਰ 'ਤੇ ਹਾਜ਼ਰ ਹੋਏ। ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਨੇ ਆਏ ਹੋਏ ਸੰਤਾ ਮਹਾਂਪੁਰਖਾਂ ਨੂੰ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੀ ਸਲਾਨਾ ਬਰਸ਼ੀ ਤੇ ਖ਼ੂਨਦਾਨ ਕੈਂਪ ਆਯੋਜਿਤ

### ਖੂਨ ਕਿਸੇ ਫੈਕਟਰੀ ਵਿੱਚ ਤਿਆਰ ਨਹੀਂ ਹੁੰਦਾ ਮਨੁੱਖ ਹੀ ਇਸਦੀ ਪੂਰਤੀ ਕਰ ਸਕਦਾ ਹੈ - ਬਾਬਾ ਜਸਵੀਰ ਸਿੰਘ ਲੋਹਾਰਾ



**ਮੋਗਾ/ ਮਵਦੀਲਾ ਬਿਓਰੋ**

ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਸਲਾਨਾ ਬਰਸ਼ੀ ਦੇ ਸਬੰਧ ਵਿੱਚ ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ (ਤਪ ਅਸਥਾਨ ਤੇ ਅੰਗੀਠਾ ਸਾਹਿਬ) ਪਿੰਡ ਲੋਹਾਰਾ ਵਿਖੇ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਦੇ ਸਹਿਯੋਗ ਨਾਲ ਮਹਿਕ ਵਤਨ ਦੀ ਫਾਉਡੇਸ਼ਨ ਸੋਸਾਇਟੀ (ਰਜਿ:) ਮੋਗਾ ਵੱਲੋਂ ਸਲਾਨਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਸੋਸਾਇਟੀ ਦੇ ਪ੍ਰਧਾਨ ਅਤੇ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਵੱਲੋਂ ਮੁੱਖ ਤੌਰ 'ਤੇ ਨਵੇਂ ਖ਼ੂਨਦਾਨੀ ਪੈਦਾ ਕਰਨ ਦਾ ਉਪਰਾਲਾ ਕੀਤਾ ਗਿਆ। ਨੌਜਵਾਨਾ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਦੇ ਹੋਏ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ ਇਸ ਲਈ ਹਰ ਤੰਦਰੁਸਤ ਵਿਅਕਤੀ ਨੂੰ ਜ਼ਰੂਰ ਖ਼ੂਨਦਾਨ ਕਰਨਾ ਚਾਹੀਦਾ ਹੈ।

ਮਹਿਕ ਵਤਨ ਦੀ ਫਾਉਡੇਸ਼ਨ ਸੋਸਾਇਟੀ ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ ਬਿਓਰੋ) ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਖ਼ੂਨਦਾਨ ਕੈਂਪ ਵਿੱਚ 22 ਖ਼ੂਨਦਾਨੀਆ ਨੇ ਖ਼ੂਨਦਾਨ ਕੀਤਾ ਅਤੇ ਇਸ ਖ਼ੂਨਦਾਨ ਕੈਂਪ ਦੀ ਸ਼ੁਰੂਆਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ, ਸਮਾਜ ਸੇਵਾ ਸੋਸਾਇਟੀ ਦੇ ਪ੍ਰਧਾਨ ਸ. ਗੁਰਸੇਵਕ ਸਿੰਘ ਸੰਨਿਆਸੀ, ਜ਼ਿਲ੍ਹਾ ਰੂਰਲ ਐਨ.ਜੀ.ਓ. ਕਲੱਬਜ




ਐਸੋਸੀਏਸ਼ਨ ਮੋਗਾ ਦੇ ਜਿਲ੍ਹਾ ਪ੍ਰਧਾਨ ਸ. ਹਰਭਿੰਦਰ ਸਿੰਘ ਜਾਨੀਆ, ਸੁਪਰਸਤ ਗੁਰਬਚਨ ਸਿੰਘ ਗਗੜਾ, ਬਲਾਕ ਪ੍ਰਧਾਨ ਜਗਤਾਰ ਸਿੰਘ, ਜੱਥੇਬੰਦਕ ਸਕੱਤਰ ਰਾਮ ਸਿੰਘ, ਸ. ਗੁਰਮੇਲ ਸਿੰਘ ਪੁਰਬਾ (ਰਿਟਾ. ਏ.ਏ.ਓ. ਯੂਨਾਇਟਡ ਇੰਡੀਆ) ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਖ਼ੂਨਦਾਨੀਆਂ ਨੂੰ ਉਤਸਾਹਿਤ ਕਰਨ ਲਈ ਉਨ੍ਹਾਂ ਨੂੰ ਬਰੋਚ ਲਗਾ ਕੇ ਅਤੇ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਸ. ਮਨਮੋਹਨ ਸਿੰਘ ਚੀਮਾ, ਬਖਤੌਰ ਸਿੰਘ ਗਿੱਲ, ਸਤਨਾਮ ਸਿੰਘ ਲੋਹਾਰਾ, ਬੇਅੰਤ ਸਿੰਘ ਲੋਹਾਰਾ, ਬਲਸ਼ਰਨ ਸਿੰਘ ਪੁਰਬਾ, ਗੁਰਮੀਤ ਸਿੰਘ ਲੋਹਾਰਾ, ਹਰਮਨ ਸਿੰਘ ਲੋਹਾਰਾ, ਏਕਮਜੋਤ ਸਿੰਘ ਪੁਰਬਾ, ਉਮੰਗਦੀਪ ਕੌਰ ਪੁਰਬਾ, ਸਹਿਜਪ੍ਰੀਤ ਸਿੰਘ ਮਾਣੇਵਾਲਾ, ਗੁਰਸਹਿਜ ਸਿੰਘ, ਜਸਨਪ੍ਰੀਤ ਕੌਰ, ਚੰਦਨਪ੍ਰੀਤ ਕੌਰ, ਸੁਰਜੀਤ ਸਿੰਘ ਲੋਹਾਰਾ, ਗੁਰਮੀਤ ਸਿੰਘ ਬਲਾਕ ਸੰਮਤੀ ਮੈਂਬਰ, ਪ੍ਰਧਾਨ ਅਵਤਾਰ ਸਿੰਘ, ਮੱਲ ਸਿੰਘ ਸਾਬਕਾ ਮੈਂਬਰ, ਗੁਰਸੇਵਕ ਸਿੰਘ ਮਠਾੜੂ ਸਾਬਕਾ ਮੈਂਬਰ, ਜੀਤ ਸਿੰਘ, ਚੰਦ ਸਿੰਘ, ਬਾਬਾ ਦੀਪਾ ਜੀ ਲੁਹਾਰਾ, ਸ਼ਿੰਗਾਰਾ ਸਿੰਘ, ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ ਪੇਂਟਰ, ਦਿਲਬਾਗ ਸਿੰਘ ਜੌਹਲ, ਪ੍ਰਭਜੋਤ ਸਿੰਘ, ਗੁਰਪਾਲ ਸਿੰਘ ਸੈਭੀ, ਸਨੀ ਸਿੰਘ, ਜਸਵੀਰ ਸਿੰਘ ਔਗੜ, ਬਲਜੀਤ ਸਿੰਘ ਔਗੜ, ਬਿੰਦੀ ਔਗੜ, ਸਤਨਾਮ ਸਿੰਘ ਸੈਂਭੀ, ਪੱਤਰਕਾਰ ਜਗਰਾਜ ਸਿੰਘ ਗਿੱਲ, ਡਾ. ਜਸਵੀਰ ਸਿੰਘ ਹੈਪੀ, ਗੁਰਮੁੱਖ ਸਿੰਘ ਆਦਿ ਮੁੱਖ ਤੌਰ ਤੇ ਹਾਜ਼ਰ ਸਨ। ਬਲੱਡ ਬੈਂਕ ਮੋਗਾ ਵੱਲੋਂ ਇੰਚਾਰਜ ਡਾ. ਗੁਲਾਬ ਸਿੰਘ, ਡਾ. ਸਿੰਮੀ ਗੁਪਤਾ, ਗੁਰਜਿੰਦਰ ਕੌਰ, ਨਵਦੀਪ ਸਿੰਘ, ਸੰਗੀਤ ਕੁਮਾਰ, ਅਵਤਾਰ ਸਿੰਘ ਨੇ ਆਪਣੀ ਡਿਊਟੀ ਬਾਖ਼ੂਬੀ ਨਿਭਾਈ।

# ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੀ ਸਲਾਨਾ ਬਰਸੀ ਦੇ ਸਬੰਧ ਵਿੱਚ 'ਮਹਿਕ ਵਤਨ ਦੀ ਫਾਊਡੇਸ਼ਨ' ਵੱਲੋਂ ਕਰਵਾਏ ਗਏ ਦਸਤਾਰ ਮੁਕਾਬਲੇ



**ਮੋਗਾ/ ਮਵਦੀਲਾ ਬਿਓਰੋ**

ਵੀਹਵੀ ਸਦੀ ਦੇ ਉਘੇ ਸਮਾਜ ਸੇਵਕ ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆ ਦੀ 24ਵੀਂ ਸਲਾਨਾ ਬਰਸੀ ਮੌਕੇ ਵਿਸ਼ੇਸ਼ ਦਸਤਾਰ ਕਰਵਾਏ ਗਏ ਜਿਸ ਵਿੱਚ ਪੰਜਾਬ ਭਰ ਤੋਂ ਨੌਜਵਾਨਾ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ 'ਏ' ਗਰੁੱਪ 'ਚੋ ਸੁਖਦੀਪ ਸਿੰਘ ਘਲੋਟੀ ਨੇ ਪਹਿਲਾ, ਜਸ਼ਨਦੀਪ ਸਿੰਘ ਮਲੇਰਕੋਟਲਾ ਨੇ ਦੂਸਰਾ, ਧਰਮਪ੍ਰੀਤ ਸਿੰਘ ਘਬੱਧੀ ਨੇ ਤੀਸਰਾ ਅਤੇ ਅਰਸ਼ਪ੍ਰੀਤ ਸਿੰਘ ਲੁਧਿਆਣਾ ਨੇ ਚੌਥਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ 'ਬੀ' ਗਰੁੱਪ ਚੋ' ਜਸਪ੍ਰੀਤ ਸਿੰਘ ਰਾੜਾ ਸ਼ਾਹਿਬ ਨੇ ਪਹਿਲਾ, ਜਸਕਰਨ ਸਿੰਘ ਜਰਗੜੀ ਨੇ ਦੂਸਰਾ, ਮਨਪ੍ਰੀਤ ਸਿੰਘ ਹੁਸ਼ਿਆਰਪੁਰ ਨੇ ਤੀਸਰਾ ਅਤੇ ਗੁਰਸਿਮਰਨ ਸਿੰਘ ਰਾੜਾ ਸਾਹਿਬ ਨੇ ਚੋਥਾ ਸਥਾਨ ਹਾਸਿਲ ਕੀਤਾ।

'ਮਹਿਕ ਵਤਨ ਦੀ ਫਾਉਂਡੇਸ਼ਨ ਸੁਸਾਇਟੀ (ਰਜਿ:) ਮੋਗਾ' ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ ਦੇ ਨਿਰਦੇਸ਼ ਤੇ ਯੋਗ ਪ੍ਰਬੰਧਾਂ ਅਤੇ ਬਾਬਾ ਜਸਵੀਰ ਸਿੰਘ ਲੋਹਾਰਾ ਦੀ ਸੁਪਰਸਤੀ ਹੇਠ ਹੋਏ ਇਸ ਦਸਤਾਰ ਮੁਕਾਬਲੇ ਵਿੱਚ ਸ. ਹਰਭਿੰਦਰ ਸਿੰਘ ਜਾਨੀਆਂ, ਬਖਤੌਰ ਸਿੰਘ ਗਿੱਲ, ਡਾ. ਗੁਲਾਬ ਸਿੰਘ, ਰਾਮ ਸਿੰਘ ਤੇ ਜਗਤਾਰ ਸਿੰਘ ਨੇ ਜੱਜ ਦੀ ਭੂਮਿਕਾ ਬਾਖੂਬੀ ਨਿਭਾਈ। ਵਿਜੇਤਾ ਬੱਚਿਆ ਨੂੰ ਉਪਰੋਕਤ ਸਮੇਤ ਸ. ਗੁਰਮੇਲ ਸਿੰਘ ਪੁਰਬਾ (ਰਿਟਾਇਰਡ ਏ.ਏ.ਓ. ਯੂਨਾਇਟਡ ਇੰਡੀਆਂ), ਮਨਮੋਹਨ ਸਿੰਘ ਚੀਮਾ, ਗੁਰਸੇਵਕ ਸਿੰਘ ਮਠਾੜੂ ਸਾਬਕਾ ਮੈਂਬਰ, ਸਿੰਗਾਰਾ ਸਿੰਘ, ਮੱਲ ਸਿੰਘ ਸਾਬਕਾ ਮੈਂਬਰ ਆਦਿ ਨੇ ਦਸਤਾਰਾ,



ਸਰਟੀਫਿਕੇਟ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਸਰਬੱਤ ਦਾ ਭਲਾ ਟਰੱਸਟ ਦੇ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ, ਸਮਾਜ ਸੇਵਾ ਸੋਸਾਇਟੀ ਦੇ ਪ੍ਰਧਾਨ ਸ. ਗੁਰਸੇਵਕ ਸਿੰਘ ਸੰਨਿਆਸੀ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਉੱਪ ਮੁੱਖ ਸੰਪਾਦਕ ਮੈਡਮ ਭਾਗਵੰਤੀ ਪੁਰਬਾ, ਸਤਨਾਮ ਸਿੰਘ ਲੋਹਾਰਾ, ਬੇਅੰਤ ਸਿੰਘ ਲੋਹਾਰਾ, ਬਲਸ਼ਰਨ ਸਿੰਘ ਪੁਰਬਾ, ਗੁਰਮੀਤ ਸਿੰਘ ਲੋਹਾਰਾ, ਹਰਮਨ ਸਿੰਘ ਲੋਹਾਰਾ, ਏਕਮਜੋਤ ਸਿੰਘ ਪੁਰਬਾ, ਉਮੰਗਦੀਪ ਕੌਰ ਪੁਰਬਾ, ਸਹਿਜਪ੍ਰੀਤ ਸਿੰਘ ਮਾਣੇਵਾਲਾ, ਗੁਰਸਹਿਜ ਸਿੰਘ, ਜਸਨਪ੍ਰੀਤ ਕੌਰ, ਚੰਦਨਪ੍ਰੀਤ ਕੌਰ, ਸ਼੍ਰੀ ਮਤੀ ਕਰਮਜੀਤ ਕੌਰ, ਸਰਬਜੀਤ ਕੌਰ ਲੋਹਾਰਾ, ਬਲਜਿੰਦਰ ਕੌਰ, ਸੁਖਵਿੰਦਰ ਕੌਰ, ਰਾਣੀ, ਪੱਤਰਕਾਰ ਜਗਰਾਜ ਸਿੰਘ ਗਿੱਲ, ਲਖਵਿੰਦਰ ਸਿੰਘ ਲੱਖਾ, ਜਸਵੀਰ ਸਿੰਘ, ਗੁਰਮੁੱਖ ਸਿੰਘ, ਸੁਰਜੀਤ ਸਿੰਘ ਲੋਹਾਰਾ, ਗੁਰਮੀਤ ਸਿੰਘ ਬਲਾਕ ਸੰਮਤੀ ਮੈਂਬਰ, ਪ੍ਰਧਾਨ ਅਵਤਾਰ ਸਿੰਘ, ਜੀਤ ਸਿੰਘ, ਚੰਦ ਸਿੰਘ, ਦੀਪਾ ਲੁਹਾਰਾ, ਦਿਲਬਾਗ ਸਿੰਘ ਜੌਹਲ, ਪ੍ਰਭਜੋਤ ਸਿੰਘ, ਗੁਰਪਾਲ ਸਿੰਘ ਸੈਭੀ, ਸਨੀ ਸਿੰਘ, ਬਲਜੀਤ ਸਿੰਘ ਔਗੜ, ਬਿੰਦੀ ਔਗੜ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

# ਹਜ਼ਾਰਾਂ ਸੰਗਤਾਂ ਤੇ ਸੰਤਾਂ ਮਹਾਪੁਰਖਾਂ ਨੇ ਨਮ ਅੱਖਾਂ ਨਾਲ ਸੰਤ ਬਾਬਾ ਜਗਦੀਸ਼ ਦਾਸ ਜੀ ਉੱਚੇ ਡੇਰੇ ਵਾਲਿਆ ਨੂੰ ਦਿੱਤੀ ਅੰਤਿਮ ਵਿਦਾਇਗੀ

### ਸੰਤ ਅੰਮ੍ਰਿਤ ਮੁਨੀ ਜੀ ਨੂੰ ਪਗੜੀ ਦੀ ਰਸਮ ਕਰਕੇ ਇਸ ਸਥਾਨ ਦੇ ਮੁੱਖ ਸੇਵਾਦਾਰ ਨਿਯੁਕਤ ਕੀਤਾ ਗਿਆ





**ਮੋਗਾ/ ਭਵਨਦੀਪ ਸਿੰਘ ਪੁਰਬਾ**

ਇਲਾਕੇ ਦੀ ਮੰਨੀ ਪ੍ਰਮੰਨੀ ਪ੍ਰਸਿੱਧ ਧਾਰਮਿਕ ਸਖਸ਼ੀਅਤ ਸੰਤ ਬਾਬਾ ਜਗਦੀਸ਼ ਦਾਸ ਜੀ ਉੱਚੇ ਡੇਰੇ ਵਾਲੇ ਜੋ ਬੀਤੇ ਦਿਨੇ ਪ੍ਰਲੋਕ ਗਮਨ ਕਰ ਗਏ ਸਨ। ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਜਲੀ ਸਮਾਗਮ ਉੱਚਾ ਡੇਰਾ ਸੰਤ ਬਾਬਾ ਵੀਰਮਦਾਸ ਜੀ ਖੋਸਾ ਰਣਧੀਰ ਵਿਖੇ ਹੋਇਆ। ਸੈਂਕੜੇ ਮਹਾਂਪੁਰਖਾਂ, ਰਾਜਨੀਤਿਕ ਸਖਸ਼ੀਅਤਾਂ ਅਤੇ ਹਜ਼ਾਰਾਂ ਸੰਗਤਾਂ ਨੇ ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋ ਕੇ ਸੰਤ ਬਾਬਾ ਜਗਦੀਸ਼ ਦਾਸ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।



ਇਸ ਮੌਕੇ ਵੱਖ-ਵੱਖ ਕੀਰਤਨੀ ਜੱਥਿਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਦਕਿ ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ ਵਾਲਿਆਂ ਨੇ ਸਰਬੱਤ ਦੇ ਭਲੇ ਲਈ ਅਤੇ ਬਾਬਾ ਜਗਦੀਸ਼ ਦਾਸ ਜੀ ਦੀ ਅੰਤਿਮ ਅਰਦਾਸ ਕੀਤੀ। ਉਪਰੰਤ ਮਹੰਤ ਚੰਦਰ ਮੁਨੀ ਜੀ, ਸੰਤ ਗੁਰਮੀਤ ਸਿੰਘ ਜੀ ਖੋਸਾ ਕੋਟਲਾ ਵਾਲੇ, ਮਹੰਤ ਧੂਣੀ ਦਾਸ ਜੀ (ਪ੍ਰਧਾਨ ਉਦਾਸੀਨ ਪੰਚਾਇਤ ਨਵਾਂ ਅਖਾੜਾ ਹਰਿਦੁਆਰ), ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ 17ਵੀਂ ਵੰਸ਼ 'ਚੋਂ ਸਰਬਜੀਤ ਸਿੰਘ ਬੇਦੀ ਨੇ ਸੰਗਤਾਂ ਨੂੰ ਮਹੰਤ ਜਗਦੀਸ਼ ਦਾਸ ਜੀ ਦੀ ਜੀਵਨੀ ਬਾਰੇ ਦੱਸਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਅੰਤ ਵਿੱਚ ਸੰਤ ਬਾਬਾ ਜਗਦੀਸ਼ ਦਾਸ ਜੀ ਦੀ ਗੱਦੀ ਲਈ ਸੰਤ ਅੰਮ੍ਰਿਤ ਮੁਨੀ ਜੀ ਨੂੰ ਆਏ ਹੋਏ ਸੰਤਾਂ ਮਹਾਂਪੁਰਖਾਂ ਨੇ ਪਗੜੀ ਦੀ ਰਸਮ ਕਰਕੇ ਇਸ ਸਥਾਨ ਦੇ ਮੁੱਖ ਸੇਵਾਦਾਰ ਨਿਯੁਕਤ ਕੀਤਾ।

CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

**ਪਲਾਟ ਵਿਕਾਊ**

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

**ਸੰਪਰਕ ਕਰੋ: 98141-21463**

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: *9988-92-9988*

**ਆਪਣੇ ਧਾਰਮਿਕ, ਸੱਭਿਆਚਾਰਕ ਅਤੇ ਸਾਹਿਤਕ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. 'ਤੇ ਸਿੱਧਾ ਪ੍ਰਸਾਰਨ ਕਰਵਾਉਣ ਲਈ ਸੰਪਰਕ ਕਰੋ।**

**ਡਾਇਰੈਕਟਰ
ਭਵਨਦੀਪ ਸਿੰਘ ਪੁਰਬਾ
9988-92-9988**

# ਮੌਤ ਦੀ ਦਹਿਲੀਜ ਤੇ ਤੱਕਿਆ ਕਮਲਜੀਤ ਸਿੰਘ ਪੁਰਬਾ

ਭਵਨਦੀਪ ਸਿੰਘ ਪੁਰਬਾ



**ਖੇਡਣਾ ਨਾ ਬਾਬੁਲ ਦੇ ਘਰ ਮੁੜ ਕੇ,**
**ਇੱਕ ਮਾਂ ਦੇ ਪੇਟ ਵਿਚੋਂ ਫੇਰ ਮੁੜ ਕੇ।**
**ਜੰਮਣਾ ਕਿ ਨਹੀਂ ਦੂਜੀ ਵਾਰ ਵੀਰਿਆ,**
**ਇਹ ਤਾਂ ਜਾਣੇ ਸੱਚਾ ਕਰਤਾਰ ਵੀਰਿਆ।**

ਢਾਡੀ ਗੁਰਬਖਸ਼ ਸਿੰਘ ਅਲਬੇਲਾ ਜੀ ਦੇ ਕਿਸੇ ਪ੍ਰਸੰਗ ਦੀਆਂ ਇਹ ਸਤਰਾਂ ਵਾਰ-ਵਾਰ ਜਹਿਣ ਵਿੱਚ ਆ ਰਹੀਆਂ ਸੀ ਤੇ ਕਮਲਜੀਤ ਅੱਖਾਂ ਸਾਹਮਣੇ ਖੜ੍ਹਾ ਦਿਖਾਈ ਦੇ ਰਿਹਾ ਸੀ। ਸੈਕੜੇ ਦੁੱਖ ਸਹਾਰ ਕੇ, ਅੰਤ ਤੱਕ ਕਾਮਯਾਬੀ ਲਈ ਯਤਨ ਕਰਦਾ ਹੋਇਆ ਪਤਾ ਨਹੀਂ ਕਿੰਨੀਆਂ ਸਧਰਾਂ ਦਿਲ ਵਿੱਚ ਲੈ ਕੇ ਹੀ ਇਸ ਜਹਾਨ ਤੋਂ ਵਿਦਾ ਹੋ ਗਿਆ। ਬਚਪਨ ਤੋਂ ਲੈ ਕੇ ਹੁਣ ਤੱਕ ਕਿਨ੍ਹੇ ਉਤਰਾਅ ਚੜ੍ਹਾਅ ਆਏ। ਪਰ ਕਮਲਜੀਤ ਨੇ ਹਿੰਮਤ ਨਹੀਂ ਹਾਰੀ। 18 ਸਤੰਬਰ 1982 ਨੂੰ ਉਸ ਦਾ ਜਨਮ ਪਿਤਾ ਸਰਦਾਰ ਗੁਰਮੇਲ ਸਿੰਘ ਦੇ ਘਰ ਮਾਤਾ ਸ਼੍ਰੀ ਮਤੀ ਕਰਮਜੀਤ ਕੌਰ ਦੀ ਕੁੱਖੋਂ ਹੋਇਆ। ਪੜ੍ਹਾਈ ਵਿੱਚ ਵੀ ਪੂਰਾ ਹੁਸ਼ਿਆਰ ਤੇ ਟੈਕਨੀਕਲੀ ਪੂਰਾ ਮਾਹਿਰ। ਨਾਨ ਮੈਡੀਕਲ ਨਾਲ 10+2 ਪਾਸ ਕੀਤੀ। ਉਨ੍ਹਾਂ ਸਮਿਆਂ ਵਿੱਚ ਆਈਲਿਟਸ ਵਿੱਚ 6 ਬੈਂਡ ਹਾਸਿਲ ਕੀਤੇ ਜਦੋਂ ਲੋਕਾਂ ਨੂੰ ਪਤਾ ਵੀ ਨਹੀਂ ਸੀ ਹੁੰਦਾ ਕਿ ਆਈਲੈਟਸ ਹੈ ਕੀ! ਪਰ ਕਿਸਮਤ ਵਿੱਚ ਵਿਦੇਸ਼ ਜਾਣਾ ਨਹੀਂ ਲਿਖਿਆ ਸੀ। ਉਸ ਸਮੇਂ ਸਟੱਡੀ ਵੀਜਾ ਸੌਖਾ ਨਹੀਂ ਸੀ ਮਿਲਦਾ ਹੁੰਦਾ। ਉਸ ਸਮੇਂ ਸਟੱਡੀ ਵੀਜਾ ਲਗਵਾਉਣ ਵਾਲੇ ਏਜੰਟ ਅੱਜ ਦੀ ਤਰ੍ਹਾਂ ਥਾਂ-ਥਾਂ ਨਹੀਂ ਸੀ ਬੈਠੇ। ਵੀਜਾ ਨਾ ਮਿਲਣ ਕਾਰਨ ਉਸ ਨੇ ਰੈਫਰੀਜੇਸ਼ਨ ਦਾ ਡਿਪਲੋਮਾ ਕਰ ਲਿਆ। ਡਿਪਲੋਮੇ ਦੌਰਾਨ ਹੀ ਉਹ ਆਪਣੇ ਕੰਮ ਵਿੱਚ ਇੰਨਾਂ ਮਾਹਿਰ ਹੋ ਗਿਆ ਕਿ ਡਿਪਲੋਮਾ ਪੂਰਾ ਹੋਣ ਸਾਰ ਉਸ ਨੂੰ ਵੀਡੀਓਕਾਨ ਸਰਵਿਸ ਸੈਂਟਰ ਵਿੱਚ ਨੌਕਰੀ ਮਿਲ ਗਈ। ਪਰ ਉਸ ਦੀਆਂ ਮੰਜ਼ਿਲਾਂ ਤੇ ਉਸ ਦੀ ਸੋਚ ਬਹੁਤ ਵੱਡੀ ਸੀ। ਇਸੇ ਡਿਪਲੋਮੇ ਦੇ ਅਦਾਰ ਤੇ ਉਸ ਨੇ ਫਿਰ ਕੈਨੇਡਾ ਜਾਣ ਲਈ ਕੇਸ ਅਪਲਾਈ ਕੀਤਾ ਪਰ ਇਥੇ ਵੀ ਕਿਸਮਤ ਨੇ ਉਸ ਦਾ ਸਾਥ ਨਹੀਂ ਦਿੱਤਾ। ਆਪਣੇ ਕੰਮ ਨੂੰ ਹੋਰ ਤੋਂ ਹੋਰ ਵਧਾਉਣ ਲਈ, ਵੱਡੀਆਂ ਮੰਜ਼ਿਲਾਂ ਪਾਉਣ ਲਈ ਕਮਲਜੀਤ ਨੇ ਕਿਨ੍ਹੇ ਪਾਪੜ ਵੇਲੇ। ਪਰ ਕਿਸਮਤ ਅਖੀਰ ਤੇ ਆ ਕੇ ਸਾਥ ਛੱਡ ਜਾਂਦੀ ਸੀ। ਹੁਣ ਘਰੇਲੂ ਤਕਲੀਫਾਂ ਵਿਚੋਂ ਨਿਕਲ ਕੇ ਵੱਡੀ ਪੁਲਾਂਘ ਪੁੱਟੀ ਸੀ। ਤਲਵੰਡੀ ਭਾਈ ਵਿਖੇ ਹਾਇਰ ਕੰਪਨੀ ਦਾ ਸਰਵਿਸ ਸਟੇਸ਼ਨ ਲਿਆ ਸੀ ਪਰ ਉਸ ਦਾ ਮਹੂਰਤ ਕਰਨਾ ਵੀ ਨਸੀਬ ਨਹੀਂ ਹੋਇਆ। ਮਹੂਰਤ ਕਰਨ ਤੋਂ 5-6 ਦਿਨ ਪਹਿਲਾਂ ਹੀ ਇਸ ਦੁਨੀਆਂ ਤੋਂ ਚਲਾ ਗਿਆ।

ਅਸੀਂ ਤਕਰੀਬਨ 40 ਸਾਲ ਇੱਕ ਘਰ ਵਿੱਚ ਬਿਤਾਏ। ਚਾਹੇ ਕਈ ਵਾਰ ਕੁੱਝ ਮਹੀਨਿਆਂ ਲਈ ਮੈਂ ਵਿਦੇਸ਼ ਚਲਾ ਜਾਂਦਾ ਸੀ। ਕਮਲਜੀਤ ਵੀ ਕਈ ਸਾਲਾਂ ਤੋਂ ਸਾਡੇ ਤੋਂ ਪਾਸੇ ਮਾਮਾ ਜੀ ਕੇ ਘਰ ਰਹਿ ਰਿਹਾ ਸੀ। ਪਰ ਸਵੇਰ ਸ਼ਾਮ ਉਸ ਨਾਲ ਮੇਲ ਹੁੰਦਾ ਸੀ। ਜਦ ਕੋਈ ਜ਼ਰੂਰਤ ਹੁੰਦੀ ਸੀ ਤਾਂ ਉਹ ਝੱਟ ਹਾਜ਼ਿਰ ਹੋ ਜਾਂਦਾ ਸੀ। ਅਕਸਰ ਹੀ ਮੈਂ ਕਿਤੇ ਜਾਣਾ ਹੁੰਦਾ ਤਾਂ ਕਮਲ ਨੂੰ ਕਹਿ ਦੇਣਾ ਕਿ ਤੂੰ ਬੱਚਿਆਂ ਨੂੰ ਸਕੂਲੋਂ ਲੈ ਆਵੀਂ। ਉਸ ਨੇ ਕਹਿਣਾ ਮੇਰਾ ਹੋਰ ਚਾਹੇ ਕੋਈ ਵੀ ਕੰਮ ਰਹਿ ਜਾਵੇ, ਤੂੰ ਜਵਾਕਾਂ ਦਾ ਫਿਕਰ ਨਾ ਕਰ, ਉਨ੍ਹਾਂ ਨੂੰ ਮੈਂ ਲੈ ਆਉਂਗਾ। ਮੇਰੇ ਬੱਚੇ ਏਕਮਜੋਤ, ਉਮੰਗਦੀਪ ਤੇ ਛੋਟੇ ਭਰਾ ਦੀ ਬੇਟੀ ਚੰਦਨਪ੍ਰੀਤ ਦੀ ਜੇਕਰ ਅਸੀਂ ਕੋਈ ਗੱਲ ਨਾ ਮੰਨਣੀ ਤਾਂ ਉਨ੍ਹਾਂ ਨੇ ਕਹਿਣਾ, "ਕਮਲ ਚਾਚੇ ਨੂੰ ਕਹਾਂਗੇ, ਉਹ ਸਾਡੀ ਗੱਲ ਮੰਨੂਗਾ" ਜੋ ਚੀਜ਼ ਬੱਚਿਆਂ ਨੇ ਕਹਿ ਦੇਣੀ ਉਹ ਚੀਜ ਸ਼ਾਮ ਨੂੰ ਕਮਲ ਹਰ ਹਾਲ ਵਿੱਚ ਹਾਜ਼ਰ ਕਰਦਾ ਸੀ। ਏਕਮਜੋਤ ਨਾਲ ਉਸ ਦਾ ਖਾਸ ਲਗਾਅ ਸੀ।

ਦੁੱਖ ਤਕਲੀਫਾਂ ਚਾਹੇ ਕਮਲਜੀਤ ਦੀ ਜ਼ਿੰਦਗੀ ਵਿੱਚ ਬਹੁਤ ਆਈਆਂ ਪਰ ਉਸ ਨੇ ਪ੍ਰੀਵਾਰ ਨਾਲ ਪਿਆਰ ਵਿੱਚ ਕਦੇ ਫਰਕ ਨਹੀਂ ਪੈਣ ਦਿੱਤਾ। ਆਪਣੀ ਵੱਡੀ ਭਾਬੀ ਭਾਗਵੰਤੀ ਨੂੰ ਹਮੇਸ਼ਾ ਮਾਂਵਾਂ ਵਾਂਗ ਸਤਿਕਾਰ ਦਿੱਤਾ ਅਤੇ ਛੋਟੀ ਭਰਜਾਈ ਅਮਨਦੀਪ ਕੌਰ ਨੂੰ ਛੋਟੀ ਭੈਣ ਵਾਂਗ ਸਮਝਿਆ। ਇੰਨੀਆਂ ਸਮੱਸਿਆਵਾਂ ਵਿੱਚ ਜੂਝਦੇ ਹੋਏ ਵੀ ਕਦੇ ਸਾਡੇ ਪ੍ਰੀਵਾਰ ਵਿੱਚ ਕਦੇ ਵੀ ਲੜਾਈ, ਕਲੇਸ਼ ਨਹੀਂ ਪਿਆ।

ਅਸੀਂ ਸਾਡੇ ਤਾਏ ਚਾਚਿਆਂ ਦੀਆਂ ਕੁੜੀਆਂ ਮੁੰਡੇ, ਸਾਡਾ ਸਭ ਦਾ ਬਹੁਤ ਪਿਆਰ ਸੀ। ਦੋ ਮਹੀਨੇ ਪਹਿਲਾਂ ਤਾਇਆ ਜੀ ਦੇ ਛੋਟੀ ਬੇਟੀ 'ਪੰਮੀ' ਸਾਨੂੰ ਸਦਾ ਲਈ ਅਲਵਿਦਾ ਕਹਿ ਗਈ ਸੀ। ਭੈਣ ਭਰਾ ਦੋ ਮਹੀਨਿਆਂ ਦੇ ਫਰਕ ਨਾਲ ਤੁਰ ਗਏ।


ਜਿਨ੍ਹਾਂ ਨੂੰ ਲੋਕ ਸ਼ਰੀਕ ਕਹਿੰਦੇ ਹਨ। ਬਹੁਤੇ ਲੋਕ ਇਸ ਖਾਸ ਰਿਸ਼ਤੇ ਨੂੰ ਸ਼ਰੀਕ ਦਾ ਨਾਮ ਦੇ ਕੇ ਇਸ ਰਿਸ਼ਤੇ ਪ੍ਰਤੀ ਨਫਰਤ ਪੈਦਾ ਕਰ ਦਿੰਦੇ ਹਨ। ਕਈ ਲੋਕ ਕਹਿੰਦੇ ਹਨ ਕਿ ਸ਼ਰੀਕਾ ਵੇਖ ਕੇ ਮੱਚਦਾ ਹੁੰਦਾ ਹੈ। ਪਰ ਅਸਲ ਵਿੱਚ ਸ਼ਰੀਕਾਂ (ਤਾਏ ਚਾਚੇ ਤੇ ਉਨ੍ਹਾਂ ਦੇ ਮੁੰਡੇ ਕੁੜੀਆਂ) ਇਹ ਸਾਡੀਆਂ ਸੱਜੀਆਂ ਖੱਬੀਆਂ ਬਾਹਵਾਂ ਹੁੰਦੀਆਂ ਹਨ। ਜਿਹੜੇ ਮੁਸ਼ਕਿਲ ਵੇਲੇ ਸਾਨੂੰ ਸੰਭਾਲਦੀਆਂ ਹਨ। ਖੁਸ਼ੀ ਦੇ ਸਮੇਂ ਤਾਂ ਚਾਹੇ ਸਾਡੇ ਲੱਖ ਗੁੱਸੇ ਗਿਲੇ ਸ਼ਿਕਵੇ ਹੋਣ ਪਰ ਜਦੋਂ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇਹੀ ਬਾਹਵਾਂ ਸਭ ਤੋਂ ਪਹਿਲਾ ਸਾਡੇ ਨਾਲ ਖੜ੍ਹਦੀਆਂ ਹਨ। ਵਿਦੇਸ਼ਾਂ ਜਾਂ ਦੂਰ ਬੈਠੇ ਭੈਣ ਭਰਾਂ ਪੈਸੈ ਧੇਲੇ ਦੀ ਮੱਦਦ ਕਰਦੇ ਹਨ ਤੇ ਨੇੜੇ ਦੇ ਕੋਲ ਆ ਕੇ ਸਾਰੀਆਂ ਕਿਰਿਆਵਾਂ ਕਰਵਾਂਉਂਦੇ ਹਨ। ਪ੍ਰੀਵਾਰ ਨਾਲ ਖੜ੍ਹਾ ਹੋਵੇ ਤਾਂ ਦੁੱਖ ਵਿਚੋਂ ਨਿਕਲਣਾ ਥੋੜ੍ਹਾ ਸੋਖਾ ਹੋ ਜਾਂਦਾ ਹੈ।


ਭਾਣਾ ਮੰਨਣਾ ਕਹਿਣਾ ਸੌਖਾ, ਪਰ ਮੰਨਣਾ ਬਹੁਤ ਔਖਾ ਹੁੰਦਾ ਹੈ। ਜਾਣ ਵਾਲਾ ਤਾਂ ਚਲਾ ਜਾਂਦਾ ਹੈ ਬਾਕੀ ਭੈਣ ਭਰਾਵਾਂ ਦਾ ਕੋਲ ਹੋਣਾ ਹੀ ਭਾਣਾ ਮੰਨਣ ਦੀ ਤਾਕਤ ਦਿੰਦਾ ਹੈ। ਮੌਤ ਦੇ ਕਾਰਨ ਤਾਂ ਕੋਈ ਨਾ ਕੋਈ ਬਣਨੇ ਹੀ ਹੁੰਦੇ ਹਨ ਪਰ ਅਵਾਰਾ ਪਸ਼ੂਆਂ ਤੇ ਅਵਾਰਾ ਕੁੱਤਿਆਂ ਨਾਲ ਵਾਪਰਦੇ ਹਾਦਸੇ ਨਿੱਤ ਦੀਆਂ ਖਬਰਾਂ ਹਨ ਜਿਹੜੇ ਸਾਡੇ ਸਿਸਟਮ ਤੇ ਲਾਹਣਤਾਂ ਪਾਉਂਦੇ ਹਨ। ਜਿੱਥੇ ਕਮਲਜੀਤ ਦਾ ਐਕਸੀਡੇਂਟ ਹੋਇਆ, ਆਪਣੇ ਕੰਮ ਤੋਂ ਆਪਣੇ ਇੱਕ ਸਾਥੀ ਨਾਲ ਮੋਟਰ ਸਾਈਕਲ ਤੇ ਤਲਵੰਡੀ ਭਾਈ ਤੋਂ ਮੋਗਾ ਆ ਰਿਹਾ ਸੀ। ਮੋਗਾ ਦੇ ਨੇੜੇ ਪਿੰਡ ਘੱਲ੍ਹ ਕਲਾਂ ਵਿਖੇ ਪੁੱਲ ਉਤਰਨ ਸਾਰ ਤੇਜ਼ੀ ਨਾਲ ਆ ਰਹੇ ਇੱਕ ਅਵਾਰਾ ਢੱਠੇ ਨਾਲ ਟਕਰਾਅ ਗਿਆ। ਡਿਗਦੇ ਸਾਰ ਬੇਹੋਸ਼ ਹੋ ਗਿਆ, ਬੱਸ! ਸੁਰਤ ਹੀ ਨਹੀਂ ਆਈ ਤੇ ਤਿੰਨ ਦਿਨ ਹਸਪਤਾਲ ਵਿੱਚ ਕੋਮਾ ਵਿੱਚ ਹੀ ਰਿਹਾ। ਤੀਸਰੇ ਦਿਨ ਪੀ ਜੀ ਆਈ ਚੰਡੀਗੜ੍ਹ ਵਿਖੇ ਸਾਨੂੰ ਅਲਵਿਦਾ ਕਹਿ ਗਿਆ। ਸੋਚਣ ਵਾਲੀ ਗੱਲ ਹੈ ਕਿ ਚਾਹੇ ਫਰੀਦਕੋਟ ਤੋਂ ਲੁਧਿਆਣੇ ਜਾਣਾ, ਚਾਹੇ ਫਿਰੋਜ਼ਪੁਰ ਤੋਂ ਲੁਧਿਆਣੇ ਜਾਣਾ। ਰਾਸਤੇ ਵਿੱਚ ਤਿੰਨ ਟੋਲ ਪਲਾਜੇ ਆਉਂਦੇ ਹਨ। ਇਨ੍ਹਾਂ ਟੋਲ ਪਲਾਜੇ ਵਾਲਿਆਂ ਦੀ ਕੋਈ ਜ਼ੁੰਮੇਵਾਰੀ ਨਹੀਂ ਬਣਦੀ ਕਿ ਟੋਲ ਲੈ ਰਹੇ ਹਾਂ ਤੇ ਟੋਲ ਰੋਡ ਤੇ ਅਵਾਰਾ ਪਸ਼ੂਆਂ ਨੂੰ ਆਉਣ ਤੋਂ ਰੋਕਣ ਦਾ ਪ੍ਰਬੰਧ ਕੀਤਾ ਜਾਵੇ। ਦੂਸਰਾ ਸਰਕਾਰ ਦੁਆਰਾ ਸ਼ੁਰੂ ਕੀਤੀ ਸ਼ੜਕ ਸੁਰੱਖਿਆ ਫੋਰਸ ਕਮਲਜੀਤ ਦਾ ਐਕਸੀਡੈਂਟ ਹੋਣ ਸਮੇਂ ਕਿਥੇ ਸੀ? ਮੇਨ ਸੜਕ ਤੇ ਐਕਸੀਡੈਂਟ ਹੋਇਆ, ਤਕਰੀਬਨ ਅੱਧਾ ਘੰਟਾ ਉਹ ਉਥੇ ਪਿਆ ਰਿਹਾ। ਫਿਰ ਵੀ ਸੜਕ ਸੁਰੱਖਿਆ ਫੋਰਸ ਨੂੰ ਪਤਾ ਕਿਉਂ ਨਹੀਂ ਲੱਗਾ ? ਇਸ ਗੱਲ ਤੇ ਸਾਡੇ ਲੋਕਾਂ ਦਾ ਵੀ ਕਸੂਰ ਹੈ ਉਹ ਇਸ ਮਾਮਲੇ ਵਿੱਚ ਜ਼ਿੰਮੇਵਾਰ ਕਿਉਂ ਨਹੀਂ, ਕੋਈ ਸ਼ੜਕ ਤੇ ਪਿਆ ਜ਼ਿੰਦਗੀ ਮੌਤ ਨਾਲ ਜੂਝ ਰਿਹਾ ਹੈ ਤੇ ਕੋਈ ਉਨ੍ਹਾਂ ਨੂੰ ਚੁੱਕ ਨਹੀਂ ਰਿਹਾ, ਕੋਈ ਐਮਬੂਲੈਂਸ ਨੂੰ ਫੋਨ ਵੀ ਨਹੀਂ ਕਰ ਰਿਹਾ। ਪੰਜਾਬੀਆਂ ਦੀ ਇਨਸਾਨੀਅਤ ਕਿਧਰ ਗਈ?

ਤੀਸਰੀ ਗੱਲ! ਹਰ ਖਾਸ ਜਗ੍ਹਾ ਤੇ ਗਊ ਸੈਸ ਲੱਗਦਾ। ਬਿਜਲੀ ਦੇ ਬਿੱਲ ਵਿੱਚ ਗਊ ਸੈਸ ਲੱਗਦਾ, ਜ਼ਮੀਨ ਜਾਇਦਾਦ ਖਰੀਦਣ ਵੇਚਣ ਲੱਗੇ ਰਜਿਸ਼ਟਰੀਆਂ ਤੇ ਗਊ ਸੈਸ ਲੱਗਦਾ। ਫਿਰ ਗਊਸੈਸ ਲੈਣ ਵਾਲੇ ਆਪਣੀ ਗਊ ਮਾਤਾ ਨੂੰ ਸਾਂਭਦੇ ਕਿਉ ਨਹੀ ? ਕਿਉਂ ਇਨ੍ਹਾਂ ਦਾ ਕੋਈ ਹੱਲ ਨਹੀਂ ਕੀਤਾ ਜਾਂਦਾ? ਕਿਸੇ ਦੀ ਜ਼ਿੰਦਗੀ ਚਲੀ ਜਾਂਦੀ ਹੈ। ਕਿਸੇ ਦਾ ਘਰ ਉਜੜ ਜਾਂਦਾ ਹੈ। ਨਿੱਤ ਹਾਦਸੇ ਵਾਪਰਦੇ ਹਨ। ਫਿਰ ਵੀ ਇਸ ਦਾ ਹੱਲ ਕਿਉਂ ਨਹੀਂ ਕੀਤਾ ਜਾਂਦਾ।

ਸਾਡਾ ਕਮਲਜੀਤ ਤਾਂ ਚਲਾ ਗਿਆ। ਕੋਸ਼ਿਸ਼ ਕਰਾਂਗੇ ਕਿ ਮਹਿਕ ਵਤਨ ਦੀ ਫਾਉਂਡੇਸ਼ਨ (ਰਜਿ:) ਮੋਗਾ, ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਤੇ ਹੋਰ ਭਰਾਤਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਕੁੱਝ ਅਹਿਜੇ ਉਪਰਾਲੇ ਕਰੀਏ ਕਿ ਜੋ ਹਾਦਸਾ ਸਾਡੇ ਨਾਲ ਵਾਪਰਿਆ, ਅਹਿਜੇ ਹਾਦਸਿਆਂ ਤੋਂ ਲੋਕਾਂ ਦਾ ਬਚਾ ਹੋ ਸਕੇ। ਤਿਲ ਮਾਤਰ ਜਿਨ੍ਹਾਂ ਕੁ ਯੋਗਦਾਨ ਪਾ ਸਕਦੇ ਹੋਏ, ਜ਼ਰੂਰ ਕੋਸ਼ਿਸ਼ ਕਰਾਂਗੇ।







## ਪਰਿਵਾਰ ਦੀਆਂ ਕਮਲਜੀਤ ਸਿੰਘ ਨਾਲ ਪੁਰਾਣੀਆਂ ਯਾਦਾਂ !

# ਪੀ.ਜੀ.ਆਈ. ਚੰਡੀਗੜ੍ਹ ਦੀਆਂ ਦੁੱਖ ਭਰੀਆਂ ਯਾਦਾਂ



ਨਵੰਬਰ 2014 ਵਿੱਚ ਅਸੀਂ ਉੱਘੇ ਸਾਹਿਤਕਾਰ ਗੁਰਮੇਲ ਸਿੰਘ ਬੌਡੇ ਦੀ ਪੁਸਤਕ 'ਮੌਤ ਦੀ ਦਹਿਲੀਜ ਤੋਂ' ਪ੍ਰਕਾਸ਼ਿਤ ਕੀਤੀ ਸੀ। ਇਸ ਪੁਸਤਕ ਵਿੱਚ ਉਨ੍ਹਾਂ ਨੇ ਮੌਤ ਦੀ ਦਹਿਲੀਜ ਤੇ ਹੰਡਾਏ ਪਲਾਂ ਦੀ ਦਾਸਤਾਨ ਪੇਸ਼ ਕੀਤੀ ਸੀ। ਉਸ ਸਮੇਂ ਮੇਰੇ ਲਈ ਇਹ ਪੁਸਤਕ ਸਿਰਫ ਇੱਕ ਪੁਸਤਕ ਸੀ। ਪਰ ਹੁਣ ਜਦੋਂ ਛੋਟੇ ਵੀਰ ਕਮਲਜੀਤ ਸਿੰਘ ਪੁਰਬਾ ਦੀ ਮੌਤ ਨੂੰ ਨੇੜੇ ਹੋ ਕੇ ਤੱਕਿਆ ਤਾਂ ਪਤਾ ਲੱਗਾ 'ਮੌਤ ਦੀ ਦਹਿਲੀਜ' ਕੀ ਹੁੰਦੀ ਹੈ।

13 ਮਾਰਚ ਦੀ ਸ਼ਾਮ ਨੂੰ ਰਾਤ ਤਕਰੀਬਨ 8:00 ਕਿਸੇ ਦਾ ਫੋਨ ਆਇਆ। ਮੈਂ ਫੋਨ ਸੁਣਿਆ ਤਾਂ ਅੱਗੇ ਆਵਾਜ਼ ਆਈ,

"ਤੁਸੀ ਕਮਲ ਦੇ ਬ੍ਰਦਰ ਬੋਲਦੇ ਹੋ"

"ਹਾਂ ਜੀ"

"ਵੀਰੇ ਕਮਲ ਦਾ ਐਕਸੀਡੈਂਟ ਹੋ ਗਿਆ"

ਕਹਿੰਦੇ ਹੁੰਦੇ ਆ ਕਿ ਐਕਸੀਡੈਂਟ ਦਾ ਨਾਮ ਹੀ ਬਹੁਤ ਵੱਡਾ ਹੈ। ਸੁਣ ਕੇ ਹੋਸ਼ ਉਡ ਜਾਦੇਂ ਆ। ਮੈਂ ਪੁੱਛਿਆ ਕਿ ਕਿਥੇ ਹੈ ਕਮਲ? ਅਸੀਂ ਹੁਣੇ ਆਏ।

ਉਸ ਨੇ ਕਿਹਾ ਅਸੀਂ ਸੰਧੂ ਡਾਕਟਰ ਦੇ ਲੈ ਕੇ ਚੱਲੇ ਆ।

ਮੈਂ ਉਪਰ ਚੁਬਾਰੇ ਵਿੱਚ ਸੀ। ਮੈਂ ਜਲਦੀ ਨਾਲ ਥੱਲੇ ਆਇਆ ਤੇ ਪੌੜਿਆ ਉਤਰਦੇ ਉਤਰਦੇ ਹੀ ਆਪਣੇ ਪਿਤਾ ਜੀ ਨੂੰ ਤੇ ਛੋਟੇ ਭਰਾ ਬਲਸ਼ਰਨ ਸਿੰਘ ਨੂੰ ਕਮਲਜੀਤ ਦੇ ਐਕਸੀਡੈਂਟ ਹੋ ਜਾਣ ਬਾਰੇ ਦੱਸਿਆ। ਉਦੋਂ ਹੀ ਉਸੇ ਨੰਬਰ ਤੋਂ ਫਿਰ ਫੋਨ ਆਇਆ ਤੇ ਉਸ ਨੇ ਕਿਹਾ ਕਿ ਵੀਰੇ ਸੰਧੂ ਡਾਕਟਰ ਨੇ ਤਾਂ ਜੁਆਬ ਦੇ ਦਿੱਤਾ, ਹੁਣ ਡਾ. ਰਾਜੀਵ ਦੇ ਲਿਜਾ ਰਹੇ ਹਾਂ। ਜਦ ਉਸ ਨੇ ਕਿਹਾ ਕਿ ਜੁਆਬ ਦੇ ਦਿੱਤਾ ਤਾਂ ਮੇਰੀਆਂ ਤਾਂ ਲੱਤਾ ਕੰਬਨ ਲੱਗ ਪਈਆਂ ਤੇ ਸਾਰੇ ਪ੍ਰੀਵਾਰ ਵਿੱਚ ਹਫੜਾ ਦਫੜੀ ਮੱਚ ਗਈ। ਮੇਰੇ ਛੋਟੇ ਭਰਾ ਬਲਸ਼ਰਨ ਨੇ ਗੁਆਂਢ ਵਿੱਚ ਰਹਿੰਦੇ ਮੇਰੇ ਮਾਮਾ ਜੀ ਨੂੰ ਬੁਲਾਇਆ। ਮੈਂ ਕਾਰ ਸਟਾਰਟ ਹੀ ਕੀਤੀ ਸੀ ਕਿ ਉਸੇ ਨੰਬਰ ਤੋਂ ਫਿਰ ਫੋਨ ਆਇਆ ਕਿ ਵੀਰੇ ਰਾਜੀਵ ਡਾਕਟਰ ਨੇ ਵੀ ਜੁਆਬ ਦੇ ਦਿੱਤਾ, ਹੁਣ ਤੁਸੀਂ ਮੈਡੀਸਿਟੀ ਹਸਪਤਾਲ ਆ ਜਾਓ। ਇਹ ਸੁਣ ਕੇ ਮੈਥੋ ਆਪਣੀ ਕਾਰ ਨਹੀਂ ਚੱਲ ਰਹੀ ਸੀ ਫਿਰ ਵੀ ਮੈਂ ਆਪਣੇ ਪਿਤਾ ਜੀ ਨੂੰ ਲੈ ਕੇ ਮੈਡੀਸਿਟੀ ਹਸਪਤਾਲ ਪਹੁੰਚਿਆ। ਮੈਡੀਸਿਟੀ ਹਸਪਤਾਲ ਵਾਲਿਆਂ ਨੇ ਇਲਾਜ ਸ਼ੁਰੂ ਕਰ ਦਿੱਤਾ ਪਰ ਕਮਲ ਦੀ ਹਾਲਤ ਕਿਸੇ ਹੋਣ ਵਾਲੀ ਅਣਹੋਣੀ ਨੂੰ ਬਿਆਨ ਕਰ ਰਹੀ ਸੀ। ਪਰ ਕਮਲ ਦੀ ਹਾਲਤ ਉਸ ਨੂੰ ਲੁਧਿਆਣੇ ਜਾਂ ਕਿਤੇ ਹੋਰ ਲਿਜਾਣ ਵਾਲੀ ਵੀ ਨਹੀਂ ਸੀ। ਮੁਢਲੀ ਡਾਕਟਰੀ ਸਹਾਇਤਾ ਤਾਂ ਨੇੜੇ ਤੋਂ ਹੀ ਲੈਣੀ ਪੈਣੀ ਸੀ। ਇਸੇ ਤਰ੍ਹਾਂ ਅਰਦਾਸਾਂ ਬੇਨਤੀਆਂ ਕਰਦੇ ਇੱਕ ਰਾਤ ਲੰਘ ਗਈ, ਅਗਲੀ ਦੁਪਿਹਰ ਲੰਘ ਗਈ ਪਰ ਕਮਲ ਨੇ ਅੱਖ ਨਾ ਪੱਟੀ। ਸਮਝ ਨਹੀਂ ਆ ਰਹੀ ਸੀ ਕਿ ਕੀ ਕੀਤਾ ਜਾਵੇ। ਕੋਈ ਕਹਿ ਰਿਹਾ ਸੀ ਲੁਧਿਆਣੇ ਲੈ ਚੱਲੋ, ਕੋਈ ਕਹਿ ਰਿਹਾ ਸੀ ਇਲਾਜ ਉਥੇ ਵੀ ਇਹੀ ਆ, ਕੋਈ ਕਹਿ ਰਿਹਾ ਸੀ ਐਮਜ ਬਠਿੰਡੇ ਲੈ ਚੱਲੋ, ਕੋਈ ਕਹਿ ਰਿਹਾ ਸੀ ਪੀ.ਜੀ.ਆਈ ਚੰਡੀਗੜ੍ਹ ਹੀ ਇਸ ਦਾ ਇਲਾਜ ਹੈ। ਸਾਡਾ ਵੀ ਮਨ ਨਹੀਂ ਸੀ ਖੜ੍ਹ ਰਿਹਾ। ਮੈਂ ਆਪਣੇ ਟਰੱਸਟੀਆਂ ਨਾਲ ਸਲਾਹ ਕੀਤੀ ਤਾਂ ਸਮਾਜ ਸੇਵੀ ਗੁਰਸੇਵਕ ਸਿੰਘ ਸੰਨਿਆਸੀ ਜੀ ਦੇ ਕਹਿਣ ਤੇ ਅਸੀਂ ਕਮਲ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਲਿਜਾਣ ਦਾ ਮਨ ਬਣਾਇਆ। ਕਿਉਂਕਿ ਮੈਂ ਖੁਦ ਗੁਰਸੇਵਕ ਸਿੰਘ ਸੰਨਿਆਸੀ ਜੀ ਨੂੰ ਅਤੇ ਕੁਝ ਹੋਰ ਵਿਅਕਤੀਆਂ ਨੂੰ ਉਥੋਂ ਠੀਕ ਹੋਇਆ ਨੂੰ ਵੇਖਿਆ ਸੀ।

14 ਮਾਰਚ 2024 ਨੂੰ ਸ਼ਾਮ ਨੂੰ ਅਸੀਂ ਮੈਡੀਸਿਟੀ ਹਸਪਤਾਲ ਵਾਲਿਆਂ ਨੂੰ ਰੈਫਰ ਕਰਨ ਲਈ ਕਿਹਾ। ਉਨ੍ਹਾਂ ਨੇ ਰੈਫਰ ਤਾਂ ਨਹੀਂ ਕੀਤਾ ਪਰ ਛੁੱਟੀ ਦੇ ਦਿੱਤੀ ਤੇ ਕਿਹਾ ਕਿ ਤੁਸੀਂ ਆਪਣੀ ਮਰਜੀ ਨਾਲ ਜਾਣਾ ਚਾਹੁੰਦੇ ਹੋ ਤਾਂ ਜਾਂ ਸਕਦੇ ਹੋ ਪਰ ਇਸ ਦੀ ਲਿਜਾਣ ਵਾਲੀ ਹਾਲਤ ਨਹੀਂ ਹੈ। ਅਸੀਂ ਫਿਰ ਵੀ ਕਮਲ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਲਿਜਾਣਾ ਠੀਕ ਸਮਝਿਆ। ਅਸੀਂ 14 ਮਾਰਚ 2024 ਨੂੰ ਰਾਤ ਨੂੰ 10:00 ਕੁ ਵਜੇ ਕਮਲ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਲੈ ਗਏ। ਮੈਡੀਸਿਟੀ ਹਸਪਤਾਲ ਵਾਲਿਆਂ ਨੇ ਵੈਂਟੀਲੇਟਰ ਵਾਲੀ ਐਮਬੂਲੈਂਸ ਅਤੇ ਇੱਕ ਡਾਕਟਰ ਨਾਲ ਭੇਜ ਦਿੱਤਾ। ਸਾਨੂੰ ਦੋ-ਢਾਈ ਦੋ ਘੰਟੇ ਰਾਸਤੇ ਵਿੱਚ ਲੱਗ ਗਏ। ਅਸੀਂ 15 ਮਾਰਚ 2024 ਨੂੰ ਸੁਬਾ 01:00 ਕੁ ਵਜੇ ਦੇ ਕਰੀਬ ਕਮਲ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਦਾਖਲ ਕਰਵਾ ਦਿੱਤਾ। ਅਸੀਂ 14-15 ਮਾਰਚ ਤੇ 15-16 ਮਾਰਚ ਦੀ ਰਾਤ ਨੂੰ ਉਥੇ ਰਹੇ। 16 ਮਾਰਚ ਦੁਪਿਹਰ ਨੂੰ 2:00 ਵਜੇ ਕਮਲ ਸਾਨੂੰ ਅਲਵਿਦਾ ਕਹਿ ਗਿਆ। ਮਾਰਚ 17 ਨੂੰ ਉਸ ਦਾ ਮੋਗਾ ਵਿਖੇ ਪੋਸਟ ਮਾਰਟਮ ਕਰਨ ਉਪਰੰਤ ਸ਼ਾਮ ਨੂੰ 6 ਕੁ ਵਜੇ ਸੰਸਕਾਰ ਕਰ ਦਿੱਤਾ ਗਿਆ।

ਪੀ.ਜੀ.ਆਈ. ਚੰਡੀਗੜ੍ਹ ਵਿਖੇ ਮੈਂ ਆਪਣੇ ਛੋਟੇ ਵੀਰ ਨੂੰ ਆਪਣੀਆਂ ਅੱਖਾਂ ਸਾਹਮਣੇ ਜਾਂਦੇ ਨੂੰ ਵੇਖਿਆ। ਸਾਹਮਣੇ ਦਿਸ ਰਿਹਾ ਸੀ ਉਹ ਇਸ ਦੁਨੀਆਂ ਤੋਂ ਜਾ ਰਿਹਾ ਹੈ ਪਰ ਕਿਸੇ ਵੀ ਤਰੀਕੇ ਉਸ ਨੂੰ ਫੜ ਨਹੀਂ ਸੀ ਸਕਦਾ। ਮੇਰੇ ਸਾਹਮਣੇ ਮੋਨੀਟਰ ਵਿੱਚ ਜਗ ਰਹੀ ਹਰੇ ਰੰਗ ਲਾਈਟ ਇੱਕ ਦਮ ਬੁੱਝ ਗਈ ਤੇ ਲਾਲ ਰੰਗ ਦੀ ਲਾਈਟ ਜਗ ਪਈ। ਮੈਨੂੰ ਇੱਕ ਦਮ ਝਟਕਾ ਲੱਗਾ ਕਿ ਮੇਰਾ ਵੀਰ ਗਿਆ। ਪਤਾ ਨਹੀਂ ਉਸ ਟਾਈਮ ਕਿੰਨੀਆਂ ਅਰਦਾਸਾਂ ਕੀਤੀਆਂ ਕਿ ਅਜਿਹਾ ਭਾਣਾ ਨਾ ਵਰਤੇ। ਸਾਰੇ ਸਟਾਫ ਵਿੱਚ ਹਫੜਾ ਦਫੜੀ ਮੱਚ ਗਈ। ਸੀਨੀਅਰ ਡਾਕਟਰ ਇੱਕ ਦਮ ਹਾਜਿਰ ਹੋ ਗਿਆ। ਡਾਕਟਰ ਸਿਰ ਹਿਲਾ ਕੇ ਪਿਛੇ ਹੋ ਗਿਆ। ਮੇਰੇ ਨਾਲ ਖੜ੍ਹੇ ਮੇਰੇ ਦੋਸਤ ਮਨਮੋਹਨ ਸਿੰਘ ਚੀਮਾ ਨੇ ਕਿਹਾ ਕਿ ਪ੍ਰਮਾਤਮਾ ਇਸ ਦੀ ਆਤਮਾ ਨੂੰ ਸ਼ਾਂਤੀ ਦੇਵੇ। ਮੇਰੀ ਧਾਹ ਨਿਕਲ ਗਈ ਪਰ ਸਾਰਿਆਂ ਦੇ ਵਿੱਚ ਖੜ੍ਹਾ ਰੋ ਨਹੀਂ ਸਕਿਆ। ਨਰਸਾਂ ਤੇ ਜੂਨੀਅਰ ਡਾਕਟਰ ਸ਼ਾਇਦ ਕੋਈ ਕੋਸ਼ਿਸ਼ ਕਰ ਰਹੇ ਸਨ ਜਾਂ ਕੋਈ ਆਪਣਾ ਤਜ਼ੁਰਬਾ। ਜੂਨੀਅਰ ਲੇਡੀ ਡਾਕਟਰ ਨੇ ਪਲਸ ਚੱਲਣ ਦਾ ਇਸ਼ਾਰਾ ਕੀਤਾ ਤਾਂ ਸੀਨੀਅਰ ਡਾਕਟਰ ਇਕਦਮ ਐਕਟਿਵ ਹੋ ਗਿਆ। ਪਹਿਲਾਂ ਇਹ ਸੀਨ ਕਈ ਵਾਰ ਫਿਲਮਾਂ ਤੇ ਸੀਰੀਅਲ ਵਿੱਚ ਵੇਖਿਆ ਸੀ ਕਿ ਦੋ ਪ੍ਰੈਸਾਂ ਜਿਹੀਆਂ ਨੂੰ ਆਪਸ ਵਿੱਚ ਟਕਰਾਇਆ ਜਾਂਦਾ ਜਿਸ ਵਿੱਚ ਕਰੰਟ ਹੁੰਦਾ ਹੈ ਉਹੀ ਸੀਨ ਅੱਜ ਅੱਖਾਂ ਸਾਹਮਣੇ ਅਸਲੀਅਤ ਵਿੱਚ ਚੱਲ ਰਿਹਾ ਸੀ। ਛੋਟੇ ਵੀਰ ਕਮਲਜੀਤ ਦੇ ਟਿੱਡ ਤੇ ਕੋਈ ਸਲੋਸ਼ਨ ਮਲ ਕੇ ਉਹ ਕਰੰਟ ਵਾਲੀਆਂ ਪ੍ਰੈਸਾ ਟਿੱਡ ਤੇ ਲਗਾਇਆ ਤਾਂ ਕਮਲਜੀਤ ਇੱਕ ਦਮ ਬੁੜਕਿਆ। ਮੈਨੂੰ ਆਸਾਂ ਦੀ ਇੱਕ ਕਿਰਨ ਦਿਖਾਈ ਦਿੱਤੀ ਤੇ ਮੈਂ ਫੇਰ ਆਪਣੇ ਸਾਰੇ ਗੁਰੂਆਂ ਪੀਰਾਂ ਅੱਗੇ ਅਰਦਾਸਾਂ ਕੀਤੀਆਂ।

ਕਮਲ ਪਹਿਲਾਂ ਵਾਲੀ ਕੰਡੀਸ਼ਨ ਵਿੱਚ ਆ ਗਿਆ ਤੇ ਡਾਕਟਰ ਆਪਣੇ ਕਮਰੇ ਵਿੱਚ ਚਲਾ ਗਿਆ। ਦੱਸਿਆਂ ਉਸ ਨੇ ਕੁੱਝ ਨਹੀਂ। ਮੇਰੇ ਮਾਮਾ ਜੀ ਦਾ ਲੜਕਾ ਹਰਦੀਪ ਤੇ ਮੇਰੀ ਪਤਨੀ ਦਾ ਭਰਾ ਗੁਰਮੀਤ ਵੀ ਮੇਰੇ ਨਾਲ ਹੀ ਉਥੇ ਸਨ। ਅਸੀਂ ਡਾਕਟਰ ਕੋਲ ਗਏ ਤਾਂ ਉਸ ਨੇ ਕਿਹਾ ਘੰਟਾ ਕੁ ਵੇਟ ਕਰੋ, ਫਿਰ ਕੰਡੀਸ਼ਨ ਪਤਾ ਲੱਗੂਗੀ ਪਰ ਚਾਨਸ ਘੱਟ ਹਨ। ਸਾਡੇ ਕੋਲ ਉਡੀਕ ਕਰਨ ਤੋਂ ਇਲਾਵਾ ਹੋਰ ਕੋਈ ਰਾਸਤਾ ਹੀ ਨਹੀਂ ਸੀ। ਇੱਕ ਘੰਟਾਂ ਸਾਡੇ ਲਈ ਸਾਲਾਂ ਜਿੱਡਾ ਹੋ ਗਿਆ ਸੀ। ਅਸੀਂ ਇਸ ਉਡੀਕ ਵਿੱਚ ਸੀ ਕਿ ਡਾਕਟਰ ਕਹੇਗਾ ਹੁਣ ਕੋਈ ਖਤਰਾ ਨਹੀਂ ਪਰ ਰੱਬ ਦੇ ਭਾਣੇ ਨੂੰ ਕੋਣ ਜਾਣ ਸਕਦਾ ਹੈ! ਅਸੀਂ ਡਾਕਟਰ ਦੇ ਕਮਰੇ ਤੱਕ ਕਈ ਗੇੜੇ ਲਗਾਏ ਪਰ ਉਹ ਬਾਕੀ ਮਰੀਜ਼ਾਂ ਨੂੰ ਚੈੱਕ ਕਰਨ ਵਿੱਚ ਵਿਅਸਤ ਸੀ। ਤਕਰੀਬਨ ਦੋ ਘੰਟੇ ਬਾਅਦ ਡਾਕਟਰ ਕਮਲ ਕੋਲ ਆਇਆ ਤੇ ਕਮਲ ਦੀ ਚੈੱਕਅਪ ਕਰ ਕੇ ਜੂਨੀਅਰ ਡਾਕਟਰ ਨੂੰ ਕੁੱਝ ਦੱਸ ਗਿਆ। ਸਟਾਫ ਨੇ ਕਮਲ ਨੂੰ ਪਹਿਲਾ ਵਾਲੀ ਜਗ੍ਹਾਂ ਤੇ ਸਿਫਟ ਕਰ ਦਿੱਤਾ। ਸਾਨੂੰ ਹੌਂਸਲਾ ਹੋ ਗਿਆ ਕਿ ਰੱਬ ਨੇ ਕਮਲਜੀਤ ਨੂੰ ਦੁਬਾਰਾ ਜਨਮ ਦਿੱਤਾ ਹੈ ਹੁਣ ਇਹ ਠੀਕ ਹੋ ਜਾਵੇਗਾ।

ਸਾਰੀ ਰਾਤ ਲੰਘ ਗਈ ਅਗਲੀ ਸਵੇਰ ਨਰਸ ਨੇ ਕਮਲ ਦਾ ਮੂੰਹ ਸਿਰ ਚੰਗੀ ਤਰ੍ਹਾਂ ਸਾਫ ਕੀਤਾ। ਮੈਂ ਤੇ ਹਰਦੀਪ ਵਾਰੀ ਸਿਰ ਵੈਂਟੀਲੇਟਰ ਤੇ ਪੰਪ ਦੇ ਰਹੇ ਸੀ। ਉਸ ਟਾਈਮ ਹਰਦੀਪ ਕੋਲ ਬੈਠਾ ਵੈਂਟੀਲੇਟਰ ਤੇ ਪੰਪ ਦੇ ਰਿਹਾ ਸੀ, ਮੈਂ ਬੈੱਡ ਦੇ ਕੋਲ ਖੜਾਂ ਸੀ। ਉਸ ਨੇ ਨਰਸ ਨਾਲ ਕਮਲ ਦੀ ਕੰਡੀਸ਼ਨ ਬਾਰੇ ਗੱਲ ਕੀਤੀ ਤਾਂ ਉਸ ਨਰਸ ਨੇ ਕਿਹਾ ਕਿ ਤੁਸੀਂ ਪਹਿਲਾ ਪੰਪ ਦਿੰਦੇ ਸੀ ਤਾਂ ਜਿਆਦਾ ਜੋਰ ਲੱਗਦਾ ਸੀ, ਹੁਣ ਹਲਕਾ ਨੱਪਣ ਨਾਲ ਆਪਣੇ ਆਪ ਸਾਹ ਅੰਦਰ ਜਾ ਰਿਹਾ ਹੈ ਇਸ ਦਾ ਮਤਲਬ ਕੋਈ ਰਿਕਵਰੀ ਹੋਈ ਹੈ। ਸਾਨੂੰ ਆਸਾ ਦੀ ਕਿਰਨ ਦਿਸਣ ਲੱਗੀ ਹੀ ਸੀ ਕਿ ਕੁੱਝ ਮਿੰਟਾ ਬਾਅਦ ਕਮਲ ਦਾ ਪੇਟ ਹਿੱਲਣਾ ਵੀ ਬੰਦ ਹੋ ਗਿਆ। ਹਰਦੀਪ ਨੇ ਕਿਹਾ ਕਿ ਡਾਕਟਰ ਨੂੰ ਜਲਦੀ ਬੁਲਾ। ਮੈਂ ਡਾਕਟਰ ਨੂੰ ਬੁਲਾ ਕੇ ਲਿਆਇਆ। ਉਸ ਦੇ ਨਾਲ ਹੀ ਪਲਸ ਚੈੱਕ ਕਰਨ ਵਾਲਾ ਵੀ ਆ ਗਿਆ। ਉਸ ਨੇ ਪਲਸ ਚੈੱਕ ਕੀਤੀ ਤਾਂ ਲਾਈਨ ਬਿਲਕੁੱਲ ਸਿੱਧੀ ਆ ਰਹੀ ਸੀ। ਵੇਖਦੇ ਸਾਰ ਅਸੀਂ ਸਮਝ ਗਏ ਕਿ ਭਾਣਾ ਵਰਤ ਗਿਆ ਹੈ। ਮੈਂ ਡਾਕਟਰ ਵੱਲ ਵੇਖਿਆ ਤਾਂ ਉਸ ਨੇ ਕਿਹਾ, "ਇਸ ਦੀ ਹਾਰਟਬੀਟ ਰੁੱਕ ਗਈ ਹੈ"। ਕੁੱਝ ਦੇਰ ਬਾਅਦ ਸਾਡੀਆਂ ਅੱਖਾ ਸਾਹਮਣੇ ਹੀ ਕਮਲ ਨੂੰ ਚਿੱਟੇ ਰੰਗ ਦੇ ਕੱਪੜੇ ਵਿੱਚ ਸਿਓ ਕੇ 'ਮੋਰਚਰੀ' ਵਿੱਚ ਭੇਜ ਦਿੱਤਾ ਗਿਆ। ਇਹ ਦੁਖਦਾਈ ਮੰਜਰ ਕਦੇ ਨਹੀਂ ਭੁਲੇਗਾ। ਵੇਖਦੇ ਹੀ ਵੇਖਦੇ ਸਾਡੀਆਂ ਅੱਖਾ ਸਾਹਮਣੇ ਕਮਲਜੀਤ ਪਤਾ ਨਹੀਂ ਕਿੱਥੇ ਚਲਾ ਗਿਆ। ਆਪਣੇ ਛੋਟੇ ਵੀਰ ਨੂੰ ਅੱਖੀ ਜਾਂਦੇ ਨੂੰ ਵੇਖਿਆ ਪਰ ਫੜ ਨਹੀਂ ਸਕੇ। ਸ਼ਾਇਦ ਇਹ ਹੀ ਮੌਤ ਦੀ ਦਹੀਲੀਜ ਸੀ।

ਕਮਲਜੀਤ ਦੀ ਮੌਤ, ਮੌਤ ਤੋਂ ਬਾਅਦ ਉਸ ਦਾ ਸੰਸਕਾਰ, ਸੰਸਕਾਰ ਤੋਂ ਬਾਅਦ ਫੁੱਲ ਚੁਗਣੇ, ਫੁੱਲ ਪਾਉਣੇ ਤੇ ਅਖੀਰ ਵਿੱਚ ਅੰਤਿਮ ਅਰਦਾਸ। 'ਕੁੱਝ ਦਿਨਾਂ ਵਿੱਚ ਹੋ ਜਾਂਦਾ ਏ ਖੇਲ ਸਮਾਪਤ ਸਾਰਾ।' ਦੁਨੀਆਂ ਤਾਂ ਕੁੱਝ ਹਫਤਿਆਂ ਵਿੱਚ ਜਾਂ ਕੁੱਝ ਮਹੀਨਿਆਂ ਵਿੱਚ ਕਮਲਜੀਤ ਨੂੰ ਭੁੱਲ ਜਾਵੇਗੀ। ਪਰ ਸਾਨੂੰ ਕਮਲਜੀਤ ਆਖਰੀ ਸਾਹ ਤੱਕ ਯਾਦ ਰਹੂਗਾ। ਹਰ ਖੁਸ਼ੀ ਗਮੀ ਦੇ ਮੌਕੇ ਉਸ ਦੀ ਯਾਦ ਆਵੇਗੀ। ਕਿਸੇ ਨੇ ਸੱਚ ਹੀ ਲਿਖਿਆ ਹੈ ਕਿ ਜੰਮੇ ਨਾਲ ਦੇ ਕਦੇ ਨੀ ਮੁੱਲ ਥਿਆਉਂਦੇ, ਕੁੱਲ ਚੀਜ਼ ਮੁੱਲ ਵਿਕਦੀ। ਕਮਲਜੀਤ ਨੇ ਮੁੜ ਇਸ ਦੁਨੀਆਂ ਵਿੱਚ ਆਉਣਾ ਨਹੀਂ ਪਰ ਉਸ ਦੀਆਂ ਯਾਦਾਂ ਹਮੇਸ਼ਾ ਸੰਗ ਰਹਿਣਗੀਆਂ। ਪਤਾ ਨਹੀਂ ਅਸੀਂ ਫਿਰ ਕਦੇ ਇੱਕ ਘਰ ਵਿੱਚ ਖੇਡਣਾ ਕਿ ਨਹੀਂ, ਇੱਕ ਮਾਂ ਦੇ ਪੇਟ ਵਿਚੋਂ ਦੁਬਾਰਾ ਜੰਮਣਾ ਕਿ ਨਹੀਂ। ਉਹ ਜਿਥੇ ਵੀ ਹੋਵੇ ਖੁਸ਼ ਹੋਵੇ, ਕਮਲਜੀਤ ਜਦ ਦੁਬਾਰਾ ਇਸ ਦੁਨੀਆਂ ਤੇ ਆਵੇ ਤਾਂ ਚੰਗੀ ਕਿਸਮਤ ਲਿਖਾ ਕੇ ਆਵੇ। ਇਸ ਜ਼ਿੰਦਗੀ ਵਿੱਚ ਕੱਟੇ ਕਸ਼ਟ ਉਸ ਨੂੰ ਕਦੇ ਦੁਬਾਰਾ ਨਾ ਝੱਲਣੇ ਪੈਣ। ਪ੍ਰਮਾਤਮਾ ਉਸ ਦੀ ਆਤਮਾ ਨੂੰ ਸ਼ਾਂਤੀ ਦੇਵੇ, ਉਸ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ੇ। ਅਲਵਿਦਾ ਕਮਲਜੀਤ!

-ਭਵਨਦੀਪ ਸਿੰਘ ਪੁਰਬਾ




ਇੱਕ ਪੁਰਾਣੀ ਯਾਦ ...
ਮੈਨੂੰ ਤਾਂ ਮੇਰੇ ਛੋਟੇ ਵੀਰ ਕਮਲਜੀਤ ਨੇ ਖੁਸ਼ੀ ਨਾਲ ਕੈਨੇਡਾ ਲਈ ਵਿਦਾ ਕੀਤਾ ਸੀ ਪਰ ਮੈਨੂੰ ਨਹੀਂ ਸੀ ਪਤਾ ਕਿ ਇੱਕ ਦਿਨ ਮੈਂ ਉਸ ਨੂੰ ਇੰਨੇ ਦੁਖੀ ਮਨ ਨਾਲ ਇਸ ਧਰਤੀ ਤੋਂ ਵਿਦਾ ਕਰਾਗਾ।







# ਬਾਬਾ ਗੋਕਲ ਚੰਦ ਬੁੱਘੀਪੁਰਾ ਬਣੇ 'ਮਹਿਕ ਵਤਨ ਦੀ ਰੂ-ਬ-ਰੂ' ਪ੍ਰੋਗਰਾਮ ਦੇ 41 ਐਪੀਸੋਡ ਦਾ ਹਿੱਸਾ

## ਅਸੀਂ ਸਿਰਫ ਪੁਲਿਸ ਤੋਂ ਬਚਨ ਲਈ ਹੈਲਮਟ ਪਹਿਨਦੇ ਹਾਂ ਜਦਕਿ ਇਸ ਨੂੰ ਆਪਣੇ ਵਾਸਤੇ ਪਹਿਨਣਾ ਚਾਹੀਦਾ ਹੈ - ਗੋਕਲ ਚੰਦ ਬੁੱਘੀਪੁਰਾ



ਮੋਗਾ / ਮਨਮੋਹਨ ਸਿੰਘ ਚੀਮਾ

'ਮਹਿਕ ਵਤਨ ਦੀ ਰੂ-ਬ-ਰੂ' ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਦਾ ਚਰਚਿਤ ਅਤੇ ਸਭ ਤੋਂ ਖਾਸ ਪ੍ਰੋਗਰਾਮ ਹੈ। ਚੀਫ ਡਾਇਰੈਕਟਰ ਭਵਨਦੀਪ ਸਿੰਘ ਪੁਰਬਾ ਦੇ ਨਿਰਦੇਸ਼ ਹੇਠ ਬਣਦੇ ਇਸ ਪ੍ਰੋਗਰਾਮ ਵਿੱਚ ਉੱਘੀਆ ਸਮਾਜ ਸੇਵੀ ਸ਼ਖਸੀਅਤਾਂ, ਪ੍ਰਸਿੱਧ ਨਾਟਕਕਾਰ, ਪ੍ਰਸਿੱਧ ਸਾਹਿਤਕਾਰ, ਪ੍ਰਸਿੱਧ ਕਲਾਕਾਰ, ਪ੍ਰਸਿੱਧ ਰਾਗੀਆਂ-ਢਾਡੀਆਂ, ਸਮਾਜ ਸੇਵੀ ਸਖਸੀਅਤਾਂ ਅਤੇ ਪ੍ਰਸਿੱਧ ਧਾਰਮਿਕ ਸ਼ਖਸੀਅਤਾਂ ਨਾਲ ਮੁਲਾਕਾਤ ਵਿਖਾਈ ਜਾਂਦੀ ਹੈ।

ਇਸੇ ਕੜੀ ਤਹਿਤ ਅੱਜ ਕੱਲ੍ਹ ਵਧ ਰਹੇ ਹਾਦਸਿਆਂ ਦੇ ਬਾਰੇ ਗੱਲਬਾਤ ਕਰਨ ਲਈ ਸ਼੍ਰੀ ਗੋਕਲ ਚੰਦ ਬੁੱਘੀਪੁਰਾ ਨੂੰ 'ਮਹਿਕ ਵਤਨ ਦੀ ਲਾਈਵ' ਵੱਲੋਂ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ ਸੀ। ਜਿਸ ਨੂੰ ਕਬੂਲਦੇ ਹੋਏ ਉਹ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਸਟੂਡੀਓ ਵਿਖੇ ਹਾਜ਼ਿਰ ਹੋਏ। ਇਸ ਮੌਕੇ ਉਨ੍ਹਾਂ ਨੇ ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ. ਦੇ ਮਾਧਿਅਮ ਰਾਹੀਂ ਆਪਣੀਆਂ ਹੱਡ-ਬੀਤੀਆਂ ਦਾ ਜ਼ਿਕਰ ਕਰਦੇ ਹੋਏ ਹੈਲਮੇਟ ਦੀ ਖਾਸੀਅਤ ਬਾਰੇ ਦੱਸਿਆ। ਉਨ੍ਹਾਂ ਨੇ ਉਦਾਰਨਾਂ ਦੇ ਦੱਸਿਆ ਕਿ ਅਸੀਂ ਸਿਰਫ ਪੁਲਿਸ ਤੋਂ ਬਚਨ ਲਈ ਹੈਲਮਟ ਪਹਿਨਦੇ ਹਾਂ ਜਦਕਿ ਇਹ ਸਾਡੀ ਰੱਖਿਆ ਕਰਦਾ ਹੈ ਇਸ ਲਈ ਇਸ ਨੂੰ ਆਪਣੇ ਵਾਸਤੇ ਪਹਿਨਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣੇ ਸਮਾਜਿਕ ਕਾਰਜਾਂ ਦਾ ਜ਼ਿਕਰ ਕੀਤਾ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜੋ ਸੜਕ ਸੁਰੱਖਿਆਂ ਲਈ ਕਾਰਜ ਕੀਤੇ ਜਾਂਦੇ ਹਨ ਉਨ੍ਹਾਂ ਬਾਰੇ ਵੀ ਜਾਣਕਾਰੀ ਦਿੱਤੀ।

'ਮਹਿਕ ਵਤਨ ਦੀ ਰੂ-ਬ-ਰੂ' ਦੇ ਇਸ 41 ਵੇਂ ਐਪੀਸੋਡ ਦੀ ਸ਼ੂਟਿੰਗ ਸਮੇਂ ਨਿਰਮਾਤਾ ਨਿਰਦੇਸ਼ਕ ਸ. ਭਵਨਦੀਪ ਸਿੰਘ ਪੁਰਬਾ ਨੇ ਖੁਦ ਗੋਕਲ ਚੰਦ ਬੁੱਘੀਪੁਰਾ ਜੀ ਨਾਲ ਮੁਲਾਕਾਤ ਕੀਤੀ, ਕੈਮਰਾ ਬੇਬੀ ਉਮੰਗਦੀਪ ਕੌਰ ਤੇ ਏਕਮਜੋਤ ਸਿੰਘ ਪੁਰਬਾ ਵੱਲੋਂ ਉਪਰੇਟ ਕੀਤਾ ਗਿਆ। ਇਸ ਪ੍ਰੋਗਰਾਮ 'ਮਹਿਕ ਵਤਨ ਦੀ ਰੂ-ਬ-ਰੂ' ਦਾ 41 ਵਾਂ ਐਪੀਸੋਡ ਵੈਬ ਸਾਈਟ www.mehakwatandilive.com ਜਾਂ ਯੂ-ਟਿਊਬ ਤੇ www.youtube/Mehak Watan Di Live ਭਰ ਕੇ ਵਰਲਡ ਵਾਈਡ ਵੇਖਿਆ ਜਾ ਸਕਦਾ ਹੈ।

ਮੀਡੀਅਮ ਅਤੇ ਵਧੀਆ ਕੁਆਲਿਟੀ ਵਿਚ
ਫਲੈਕਸਾਂ ਵਾਲ ਪੇਪਰ
ਬਣਵਾਉਣ ਅਤੇ ਲਗਵਾਉਣ ਲਈ ਸੰਪਰਕ ਕਰੋ
94170-10380

ਕਮਲਜੀਤ ਨੂੰ ਯਾਦ ਕਰਦਿਆਂ

# ਯਾਰਾ ਦਿਲਦਾਰਾਂ ਵੇ



ਕਮਲ ਚੇਤਿਆਂ ਚੋਂ ਭੁੱਲਦਾ ਨਹੀਂ, ਉਸ ਨਾਲ ਕੀਤੀ ਮਸਤੀ ਉਸਨੂੰ ਕਈ ਉਲਝਣਾ ਵਿੱਚ ਪਾ ਕੇ ਬੜਾ ਮਜ਼ਾ ਆਉਂਦਾ ਸੀ ਉਸਦਾ ਫ਼ੱਕਰ ਸੁਭਾਅ, ਉਸਦੇ ਰੱਬ ਦੀ ਹੋਂਦ ਬਾਰੇ ਸਵਾਲ, ਵਿਦੇਸ਼ਾਂ 'ਚ ਧੜਾਧੜ ਜਾਣ ਵਿਦਿਆਰਥੀ ਬਾਰੇ ਫ਼ਿਕਰ ਅਤੇ ਆਪਣੇ ਸ਼ਹਿਰ ਦੀ ਕਨੂੰਨ ਵਿਵਸਥਾ ਬਾਰੇ ਕਈ ਗਹਿਰੇ ਸਵਾਲ ਜਿੰਨਾਂ ਦਾ ਮੈਂ ਹੁਣ ਤੱਕ ਜਵਾਬ ਨਹੀਂ ਦੇ ਸਕਿਆ। ਹਰ ਵਾਰ ਕਹਿ ਦੇਣਾ ਭਵਨਦੀਪ ਨਾਲ ਗੱਲ ਕਰਕੇ ਤੇਰੇ ਉੱਤਰ ਦਾ ਜਵਾਬ ਦੇਵਾਂਗਾ। ਮੇਰੇ ਘਰ ਬੈਠ ਕੇ ਮੇਰੇ ਬਜ਼ੁਰਗ ਮਾਪਿਆਂ ਨਾਲ ਆਪਣੀ ਉਲਝੀ ਕਬੀਲਦਾਰੀ ਦੀਆਂ ਗੱਲਾ ਕਰਨੀਆਂ ਤੇ ਫਿਰ ਇੱਕ ਸਰਦ ਹਉਕਾ ਲੈ ਕੇ ਚੁੱਪ ਹੋ ਜਾਣਾ। ਮੇਰੀ ਮਾਂ ਨੇ ਦਸਮੇਸ਼ ਪਿਤਾ ਦੇ ਪਰਿਵਾਰ ਤੇ ਬੀਤੀਆਂ ਦੀ ਸਾਖੀ ਸੁਣਾਉਣੀ ਤੇ ਉਸਨੂੰ ਹਮੇਸਾ ਚੜ੍ਹਦੀ ਕਲਾ ਵਿੱਚ ਰਹਿਣ ਦੀ ਤਾਕੀਦ ਕਰਨੀ।

ਜ਼ਿੰਦਗੀ ਵਿੱਚ ਸਫਲ ਹੋਣ ਲਈ ਆਪਣੇ ਵਿਦਿਆਰਥੀ ਜੀਵਨ ਕਾਲ ਵਿੱਚ ਛੇ ਬੈਂਡ ਲੈ ਲਏ ਪਰ ਵਿਦੇਸ਼ ਜਾਣ ਦਾ ਸਬੱਬ ਨਹੀਂ ਬਣਿਆ। ਇੱਥੇ ਹੀ ਜ਼ਿੰਦਗੀ ਦੀ ਗੁਜ਼ਰ ਬੁਸਰ ਕਰਨ ਲੱਗ ਪਿਆ। ਕਮਲ ਨੇ ਸਮੇਂ ਦਾ ਹਾਣੀ ਬਨਣ ਲਈ ਆਪਣੇ ਭਾਈਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਖ਼ਤ ਮਿਹਨਤ ਕੀਤੀ।

ਜਦੋਂ 'ਮਹਿਕ ਵਤਨ ਦੀ' ਮੈਗਜ਼ੀਨ ਦਾ ਕੋਈ ਵੀ ਸਮਾਗਮ ਕਰਨਾ ਤਾਂ ਕਮਲ ਨੇ ਮੋਹਰੀ ਹੋ ਕੇ ਜ਼ੁੰਮੇਵਾਰੀਆਂ ਨਿਭਾਉਣੀਆਂ। ਕਾਸ ਜੇ ਕਮਲ ਵਿਦੇਸ਼ ਚਲਾ ਜਾਂਦਾ ਤਾਂ ਆਹ ਭਾਣਾ ਨਾ ਵਰਤਦਾ। ਪਰ ਸਿਆਣੇ ਕਹਿੰਦੇ ਨੇ ਭੋਇੰ ਚੱਲ ਕੇ ਨਹੀਂ ਆਉਂਦੀ। ਮੌਤ ਆਪ ਉੱਥੇ ਬੰਦੇ ਨੂੰ ਲੈ ਜਾਂਦੀ ਹੈ। ਮੌਤ ਡਾਹਢੀ ਹੈ ਜਰਵਾਣੀ ਹੈ ਅਟੱਲ ਹੈ।

-ਕੁਲਵਿੰਦਰ ਤਾਰੇਵਾਲਾ
(ਸਿਆਸੀ ਸਲਾਹਕਾਰ)

## ਭਾਈ ਮਰੇ ਤਾਂ

ਕੇਲ ਕਰੇਂਦੇ ਹੰਝ ਦੇ ਤਾਈਂ ਪਈਆਂ ਆਣ ਬਲਾਵਾਂ।
ਭਾਈ ਮਰੇ ਤਾਂ ਵੀਰਾਂ ਦੀਆਂ ਡੌਲਿਓਂ ਭੱਜਣ ਬਾਹਵਾਂ।
ਸਾਗ ਸੰਬੰਧੀ ਹੋ ਕੇ ਕੱਠੇ ਫੜ ਕੇ ਕਾਲਜਾ ਬਹਿ ਗਏ।
ਚਾਅ ਦਿਲਾਂ ਦੇ ਹੋਏ ਨਾ ਪੂਰੇ ਦਿਲ ਦੇ ਦਿਲ ਵਿਚ ਰਹਿ ਗਏ।
ਨਾ ਚੋਰੀ ਨਾ ਡਾਕਾ ਕੋਈ ਦਿੱਤੀਆਂ ਸਖ਼ਤ ਸਜ਼ਾਵਾਂ।
ਭਾਈ ਮਰੇ ਤਾਂ ਵੀਰਾਂ ਦੀਆਂ.....................

ਬੁੱਢੇ ਬਾਪ ਦਾ ਬੁੱਢੇ ਵਾਰੇ ਢਹਿ ਗਿਆ ਅਰਸ਼ ਚੁਬਾਰਾ।
ਦੁਨੀਆਂ ਦੇ ਵਿਚ ਰਹਿਣ ਦਾ ਕੋਈ ਦਿਸੇ ਨਾ ਹੁਣ ਸਹਾਰਾ।
ਪੁੱਤ ਜਿਨ੍ਹਾਂ ਦੇ ਮਰ ਗਏ ਗੱਭਰੂ ਅੰਨ੍ਹੀਆਂ ਹੋ ਗਈਆਂ ਮਾਵਾਂ।
ਭਾਈ ਮਰੇ ਤਾਂ ਵੀਰਾਂ ਦੀਆਂ.....................

ਵੀਰਾਂ ਦੇ ਨਾਲ ਹੁੰਦੇ ਵੀਰਾ ਸਾਰੀ ਉਮਰ ਦੇ ਮਾਪੇ।
ਤੇਰੇ ਬਾਝੋਂ ਵੀਰਾ ਵੇ ਜੱਗ ਸੁੰਨਾ ਸੁੰਨਾ ਜਾਪੇ।
ਭੈਣ ਉਡੀਕਾਂ ਕਰੇ ਵੀਰਨਾ ਕੋਠਿਓਂ ਕਾਗ ਉਡਾਵਾਂ।
ਭਾਈ ਮਰੇ ਤਾਂ ਵੀਰਾਂ ਦੀਆਂ.....................



ਸਾਡੇ ਕੋਲੋਂ ਲੈ ਗਿਆ ਖੋਹ ਕੇ ਕੀ ਰੱਬਾ ਮਜਬੂਰੀ।
ਅੜਿਆ ਪਿਆ ਸੀ ਕਮਲ ਦੇ ਬਾਝੋਂ ਕਿਹੜਾ ਕੰਮ ਜ਼ਰੂਰੀ।
'ਆਜ਼ਾਦ' ਵੇ ਔਖੇ ਦਿਨ ਨੇ ਲੰਘਦੇ ਰੋ ਰੋ ਰਾਤ ਲੰਘਾਵਾਂ।
ਭਾਈ ਮਰੇ ਤਾਂ ਵੀਰਾਂ ਦੀਆਂ.....................

-ਬਲਦੇਵ ਸਿੰਘ ਆਜ਼ਾਦ ਦੌਧਰ

## ਸ਼ੋਕ ਸਮਾਚਾਰ

ਭੈਣ ਜਸਵਿੰਦਰ ਕੌਰ ਪੰਮੀ ਪਤਨੀ ਸ. ਬਲਵਿੰਦਰ ਸਿੰਘ ਗਰਚਾ ਵਾਸੀ ਲੁਧਿਆਣਾ ਬੇਵਕਤ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦੀ ਮੌਤ 'ਤੇ ਬੇਹੱਦ ਅ਼ਫ਼ਸੋਸ ਹੈ।

* *

ਮੋਗਾ ਦੇ ਨੌਜਵਾਨ ਵੀਰ ਹਰਕਮਲ ਸਿੰਘ ਦੀ ਲੁਧਿਆਣਾ ਵਿਖੇ ਸੜਕ ਹਾਦਸੇ ਦੌਰਾਨ ਬੇ-ਵਕਤ ਮੌਤ ਹੋ ਜਾਣ ਦਾ ਬੇਹੱਦ ਅਫਸੋਸ ਹੈ।

* *

ਪ੍ਰਸਿੱਧ ਸਾਹਿਤਕਾਰ ਸ. ਬਲਦੇਵ ਸਿੰਘ ਆਜਾਦ ਦੀ ਧਰਮ ਪਤਨੀ ਸ਼੍ਰੀਮਤੀ ਹਰਜਿੰਦਰ ਕੌਰ ਸਵਰਗਵਾਸ ਹੋ ਗਏ ਹਨ।

* *

'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਵਿਛੜੀਆਂ ਰੂਹਾ ਦੇ ਬੇ-ਵਕਤ ਚਲੇ ਜਾਣ ਦਾ ਬੇਹੱਦ ਅਫਸੋਸ ਹੈ। ਪ੍ਰਮਾਤਮਾਂ ਵਿਛੜੀਆਂ ਰੂਹਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਜਲ ਦਿਵਸ ਅਤੀਤ, ਵਰਤਮਾਨ ਅਤੇ ਭਵਿੱਖ

ਮਨੁੱਖ ਦੀ ਹੋਂਦ ਤੋਂ ਪਹਿਲਾਂ ਧਰਤੀ ਦੇ ਠੰਡੀ ਹੋਣ ਤੇ ਜਲ ਦੀ ਉਤਪਤੀ ਹੋਈ। ਇਸ ਬਾਰੇ ਵੱਖ-ਵੱਖ ਖੋਜਕਰਤਾ, ਵਿਗਿਆਨੀ ਅਤੇ ਦਾਰਸ਼ਨਿਕ ਖੋਜ ਭਰਭੂਰ ਤੱਥ ਪੇਸ਼ ਕਰ ਚੁੱਕੇ ਹਨ। ਜਿਨ੍ਹਾਂ ਨੇ ਅਨੇਕਾਂ ਕਲਪਨਾਵਾਂ ਅਧਾਰਿਤ ਨਿਰਮੂਲ ਵਿਸ਼ਵਾਸ਼ਾਂ ਨੂੰ ਅੰਧਵਿਸ਼ਵਾਸ਼ ਸਿੱਧ ਕੀਤਾ ਹੈ।


ਇਹ ਤਰਕ ਹੈ ਯਤੀਮ ਭਰਭੂਰ ਧਾਰਨਾਵਾਂ ਉਸ ਸਮੇਂ ਵੀ, ਅੱਜ ਵੀ ਅਤੇ ਭਵਿੱਖ ਵਿੱਚ ਵੀ ਤਰਕਸੰਗਤ ਹਨ। ਦਰਅਸਲ ਪਾਣੀ ਜਾਂ ਜਲ ਹੀ ਬਨਸਪਤੀ, ਪਸ਼ੂ, ਪੰਛੀਆਂ ਅਤੇ ਭਵਿੱਖ ਮਨੁੱਖੀ ਜੀਵਨ ਦਾ ਅਧਾਰ ਸੀ, ਇਹ ਹੁਣ ਵੀ ਹੈ ਅਤੇ ਭਵਿੱਖ ਵਿੱਚ ਵੀ ਹੋਵੇਗਾ। ਉਸ ਸਮੇਂ ਕੁਦਰਤ ਦੀਆਂ ਇਹ ਜੀਵਨ ਅਧਾਰਿਤ ਬਖਸ਼ਿਸ਼ਾਂ ਮੁਫਤ ਸਨ ਅਤੇ ਵਰਤਮਾਨ ਸਮੇਂ ਇਹ ਵਿਸ਼ਵੀਕਰਨ ਵਿੱਚ ਤਬਦੀਲ ਹੋਈਆਂ ਕੌਮਾਂਤਰੀ ਸ਼ਕਤੀਆਂ ਲਈ ਉਨ੍ਹਾਂ ਦੇ ਸਾਮਰਾਜ ਦਾ ਅਧਾਰ ਅਤੇ ਭਵਿੱਖ ਵਿੱਚ ਮਨੁੱਖ ਨੂੰ ਆਪਣੇ ਆਪ ਨੂੰ ਜਿਉਂਦਾ ਰੱਖਣ ਲਈ ਇਹ ਯੁੱਧਾਂ ਦਾ ਅਧਾਰ ਵੀ ਬਣਨਗੀਆਂ।

ਦਰਅਸਲ ਵਰਤਮਾਨ ਸਮੇਂ ਸਧਾਰਨ ਗਰੀਬ ਲੋਕ ਇਹ ਤੱਥ ਸਵੀਕਾਰ ਕਰਨ ਤੋਂ ਇਨਕਾਰੀ ਹਨ। ਅੱਜ ਤੋਂ ਅੱਧੀ ਸਦੀ ਪਹਿਲਾਂ ਜਦੋਂ ਸਾਡੇ ਵਿਰਾਸਤੀ ਬਨਸਪਤੀ, ਅਨਾਜ ਬੀਜਾਂ, ਫਸਲਾਂ ਦੀ ਧਰੋਹਰ ਨਾਲ ਸਾਮਰਾਜੀ ਦੇਸ਼ ਨੇ ਸਾਡੇ ਦੇਸ਼ ਦੀ ਪਵਿੱਤਰ ਤੰਬੂ ਮਿੱਟੀ ਨਾਲ ਉਸ ਸਮੇਂ ਦੇ ਹਾਕਮਾਂ ਨਾਲ ਕਰੰਘੜੀ ਪਾ ਕੇ ਜਾਂ ਉਨ੍ਹਾਂ ਦੀ ਦੂਰਅੰਦੇਸ਼ੀ ਦੀ ਘਾਟ ਦਾ ਫਾਇਦਾ ਉਠਾ ਕੇ ਭਾਰਤ ਵਿੱਚ ਅਤੇ ਹੋਰ ਵਿਕਾਸਸ਼ੀਲ ਦੇਸ਼ਾਂ ਵਿੱਚ ਜਿੱਥੇ ਕਿ ਗੁਰਬਤ ਅਤੇ ਅਨਪੜ੍ਹਤਾ ਦਾ ਬੋਲਬਾਲਾ ਸੀ ਉਥੇ ਆਪਣੀਆਂ ਯੋਗਸ਼ਲਾਵਾਂ ਸਥਾਪਿਤ ਕੀਤੀਆਂ। ਜਿਨ੍ਹਾਂ ਵਿੱਚੋਂ ਕਿ ਭਾਰਤ ਵਿੱਚ ਸਭ ਤੋਂ ਵੱਧ ਉਪਜਾਊ ਸੂਬਾ ਪੰਜਾਬ ਸੀ ਇਸ ਨੂੰ ਚੁਣਿਆ ਗਿਆ। ਇਸ ਦੇ ਪ੍ਰਮੁੱਖ ਕਿੱਤੇ ਨੂੰ ਆਪਣੇ ਮਨਸੂਬਿਆਂ ਦੇ ਪੋਸਟਮਾਰਟਮ ਲਈ ਚੁਣਿਆ ਗਿਆ। ਖੇਤੀਬਾੜੀ ਯੂਨੀਵਰਸਿਟੀ ਦੇ ਰੂਪ ਵਿੱਚ ਅਜਿਹੇ ਤਜ਼ਰਬੇ ਕਰਨ ਦਾ ਹਸਪਤਾਲ ਵੀ ਕਹਿ ਸਕਦੇ ਹਾਂ। ਜਿਵੇਂ ਅੰਗਰੇਜ਼ੀ ਦਵਾਈਆਂ ਦੇ ਤਜ਼ਰਬਿਆਂ ਅਧਾਰਿਤ ਹਸਪਤਾਲਾਂ ਨੇ ਸਾਡੀ ਕੁਦਰਤੀ ਇਲਾਜ ਪ੍ਣਾਲੀ (ਆਯੂਰਵੇਦ) ਨੂੰ ਹਾਸ਼ੀਏ ਤੇ ਧੱਕ ਦਿੱਤਾ ਗਿਆ ਬਿਲਕੁਲ ਉਸੇ ਤਰ੍ਹਾਂ ਖੇਤੀ ਅਤੇ ਇਸ ਨਾਲ ਜੁੜੇ ਵਾਤਾਵਰਣ ਨਾਲ ਖਿਲਵਾੜ ਕੀਤਾ ਗਿਆ। ਜਿਵੇਂ ਵੱਖ-ਵੱਖ ਧਾੜਵੀਆਂ ਨੇ ਸਾਥੋਂ ਸੱਭਿਆਚਾਰ, ਬੋਲੀ ਅਤੇ ਲਿੱਪੀ ਵਿੱਚ ਘੁਸਪੈਠ ਕੀਤੀ ਗਈ, ਵੱਢ ਟੁੱਕ ਅਤੇ ਵੰਡ ਕੀਤੀ ਗਈ ਸੀ। ਉਸੇ ਤਰ੍ਹਾਂ ਸਾਡੀ ਗੁਲਾਮੀ ਦੇ ਦੌਰ ਦੌਰਾਨ ਅੰਗਰੇਜ਼ੀ ਹਾਕਮਾਂ ਨੇ ਢਾਕੇ ਦੀ ਮਲਮਲ ਤਿਆਰ ਕਰਨ ਵਾਲੇ ਦਸਤਕਾਰਾਂ ਦੇ ਹੱਥ ਵੱਢਣ ਵਾਂਗ ਆਪਣੀਆਂ ਮਿੱਲਾਂ ਦੇ ਮਾਲ ਦਾ ਪਸਾਰਾ ਕੀਤਾ ਉਸੇ ਤਰ੍ਹਾਂ ਹੀ ਅਜ਼ਾਦੀ ਦੇ ਪਰਪੰਚ ਤੋਂ ਬਾਅਦ ਘਰੇਲੂ ਦਸਤਕਾਰੀ ਨੂੰ ਖਤਮ ਕਰਕੇ ਲੋਕਾਂ ਨੂੰ ਸਨਅਤੀ ਉਤਪਾਦਨ ਤੇ ਨਿਰਭਰ ਕਰ ਦਿੱਤਾ। ਇਸ ਵਿੱਚ ਖੇਤੀਬਾੜੀ ਪ੍ਰਮੁੱਖ ਹੈ ਕਿਉਂਕਿ ਇਹ ਸਭ ਦਸਤਕਾਰੀ ਕਿੱਤਿਆਂ ਦੀ ਹੋਂਦ ਰਹੀ ਸੀ।

ਪੰਜਾਬ ਕੋਲ ਲੰਬਾ ਸਮਾਂ ਆਪਣੀ ਹੋਂਦ ਬਰਕਰਾਰ ਰੱਖਣ ਲਈ ਧਰਤੀ ਅਤੇ ਪਾਣੀ ਹੀ ਇੱਕ ਬੁਨਿਆਦ ਸੀ ਜਿਸ ਨਾਲ ਵਿਰਾਸਤੀ ਦੇਸੀ ਫਸਲਾਂ ਦੇ ਬੀਜ, ਵਿਰਾਸਤੀ ਦਰੱਖਤ, ਸਬਜ਼ੀਆਂ, ਪਸ਼ੂ ਧਨ, ਪੰਛੀਆਂ ਦੀ ਧਰੋਹਰ ਸੀ ਜੋ ਕਿ ਸਾਮਰਾਜੀ ਮੁਨਾਫਾ ਬਿਰਤੀ ਕਾਰਨ 95% ਖਤਮ ਹੋ ਚੁੱਕੀ ਹੈ। ਇਸ ਤਬਾਹੀ ਲਈ ਅਸੀਂ ਸਾਡੀਆਂ ਹੀ ਵੋਟਾਂ ਨਾਲ ਬਣੇ ਹੁਕਮਰਾਨਾਂ ਵੀ ਇਸ ਬਰਬਾਦੀ ਦੇ ਜ਼ਿੰਮੇਵਾਰ ਹਨ। ਪਹਿਲਾਂ 1947 ਵਿੱਚ ਅਤੇ ਫੇਰ 1966 ਵਿੱਚ ਆਪਣੇ ਰਾਜਸੀ ਹਿੱਤਾਂ ਕਾਰਨ ਪੰਜਾਬ ਦੀ ਵੰਡ ਦਾ ਆਰਾ ਚਲਾਇਆ। ਉਸ ਤੋਂ ਬਾਅਦ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਉਸਾਰਿਆ ਗਿਆ ਅਤੇ ਇਸੇ ਤਰ੍ਹਾਂ ਹੀ ਭਾਖੜਾ ਡੈਮ ਦੀ ਬਿਜਲੀ ਅਤੇ ਪਾਣੀ ਦੇ ਹੱਕ ਤੋਂ ਵਾਂਝਾ ਕੀਤਾ ਗਿਆ ਅਤੇ ਹੋਰਨਾਂ ਰਾਜਾਂ ਨੂੰ ਬਿਨਾਂ ਕਿਸੇ ਸੰਘਰਸ਼ ਕਰਨ ਤੋਂ ਦੇ ਕੇ ਪੰਜ ਪਾਣੀਆਂ ਦੀ ਬਲੀ ਲਈ ਗਈ। ਉਪਰੋਕਤ ਕਾਰੇ ਕਰਕੇ, ਕੁਦਰਤੀ ਸਰੋਤਾਂ ਤੇ ਕਹਿਰ ਢਾਹ ਕੇ ਸਾਨੂੰ ਕੌਮਾਂਤਰੀ ਜਲ ਦਿਵਸ ਤੇ ਪਾਣੀ ਸੰਭਾਲਣ ਦੇ ਪਾਠ ਪੜ੍ਹਾਏ ਜਾ ਰਹੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਯੋਜਨਾਬੱਧ ਤਰੀਕੇ ਅਤੇ ਇੱਕ ਤਰ੍ਹਾਂ ਨਾਲ ਗਦਾਰੀ ਕਰਕੇ ਪੰਜਾਬ ਦੇ ਪਾਣੀਆਂ ਦਾ ਘਾਣ ਕਿਸ ਨੇ ਕੀਤਾ ਹੈ? ਪੰਜਾਬ ਦੀ ਖੇਤੀਬਾੜੀ ਨੂੰ ਹਰੇ ਇਨਕਲਾਬ ਦੇ ਖੋਪੇ ਲਗਾ ਕੇ ਸਾਮਰਾਜੀ ਮੁਲਕਾਂ ਨੇ ਆਪਣੀਆਂ ਰਸਾਇਣਕ ਖਾਦਾਂ, ਜ਼ਹਿਰੀਲੀਆਂ ਕੀਟ ਨਾਸ਼ਕਾਂ ਨਾਲ ਸਾਡਾ ਪੌਣਪਾਣੀ ਕਿਉਂ ਦੂਸ਼ਿਤ ਕੀਤਾ ਜਦੋਂ ਕਿ ਇਹ ਕਾਰਜ ਪਹਿਲਾਂ ਪੰਜਾਬ ਵਿੱਚ ਮੌਜੂਦ ਪੰਛੀ ਹੀ ਤੇਲੇ ਦੀਆਂ ਸੁੰਡੀਆਂ ਅਤੇ ਹੋਰ ਕੀਟਨਾਸ਼ਕਾਂ ਦਾ ਕਾਰਜ ਕੁਦਰਤੀ ਵਰਤਾਰੇ ਵਿੱਚ ਰਹਿ ਕੇ ਮੁਫਤ ਕਰ ਰਹੇ ਸਨ। ਨਦੀਨ ਨੂੰ ਸਾਡੇ ਪਸ਼ੂ ਜਾਂ ਕਿਰਤੀ ਲੋਕ ਰੰਬਿਆਂ ਨਾਲ ਨਦੀਨ ਖੋਤ ਕੇ ਮੁਫਤ ਕਰ ਰਹੇ ਸਨ ਅਤੇ ਇਸ ਨਾਲ ਖੇਤੀਬਾੜੀ ਲਈ ਫਸਲਾਂ ਦੀ ਉਤਪਾਦਨ ਲਾਗਤ ਨਾਂ ਮਾਤਰ ਸੀ ਅਤੇ ਫਾਰਮੀ ਰੇਹਾਂ ਦੀ ਪੂਰਤੀ ਸਾਡੇ ਪਸ਼ੂ ਧਨ ਦੇਸੀ ਖਾਦਾ ਰਾਹੀਂ ਮੁਫਤ ਕਰ ਰਿਹਾ ਸੀ। ਰਵਾਇਤੀ ਖੇਤੀ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਮਸਾਂ ਦਸ-ਪੰਦਰਾਂ ਫੁੱਟ ਤੇ ਸੀ। ਨਲਕਿਆਂ ਖੂਹਾਂ ਅਤੇ ਕੱਸੀਆਂ ਦਾ ਪਾਣੀ ਵੀ ਪੀਣ ਯੋਗ ਸੀ। ਉਸ ਸਮੇਂ ਦੇ ਲੋਕਾਂ ਨੂੰ ਤਾਂ ਕੌਮਾਂਤਰੀ ਜਲ ਦਿਵਸ ਦਾ ਕੋਈ ਪਤਾ ਨਹੀਂ ਸੀ ਪਰ ਕੁਦਰਤ ਦੀ ਇਸ ਬੇਸ਼ਕੀਮਤੀ ਲੋੜ ਦੀ ਅਹਿਮੀਅਤ ਦਾ ਪਤਾ ਸੀ। ਉਸ ਸਮੇਂ ਤੋਂ ਬਾਅਦ ਜਦੋਂ ਸਾਮਰਾਜੀ ਇਸ਼ਾਰਿਆਂ ਤੇ ਖੇਤੀਬਾੜੀ ਦੇ ਖੇਤਰ ਵਿੱਚ ਪ੍ਰਯੋਗਸ਼ਲਾਵਾਂ ਸਥਾਪਿਤ ਕੀਤੀਆਂ ਗਈਆਂ ਫਸਲਾਂ ਦੇ ਰੇਹਾਂ, ਕੀਟਨਾਸਕਾਂ, ਨਦੀਨ ਨਾਸ਼ਕਾਂ ਅਤੇ ਨਹਿਰੀ ਪਾਣੀ ਦੀ ਥਾਂ ਧਰਤੀ ਹੇਠਲੇ ਪਾਣੀਆਂ ਤੇ ਖੇਤੀਬਾੜੀ ਦੀ ਨਿਰਭਰਤਾ ਕੇਂਦਰਿਤ ਕਰਨ ਲਈ ਪੰਜ ਹਾਰਸ ਪਾਵਰ ਦੇ ਇੰਜਣਾਂ ਨੂੰ, ਫੇਰ ਅੱਠ ਪਾਵਰ ਦੇ ਮਾਸਟਰ ਇੰਜਣਾਂ ਨੂੰ ਬੋਰ ਕਰਕੇ ਖੂਹਾਂ ਨਾਲੋਂ ਵੱਧ ਮਾਤਰਾ ਵਿੱਚ ਪਾਣੀ ਕੱਢਣ ਦਾ ਜਾਦੂ ਦਿਖਾਇਆ ਗਿਆ ਤਾਂ ਲੋਕ ਇਸ ਦੇ ਐਨੇ ਕਾਇਲ ਹੋ ਗਏ ਕਿ ਕਪਾਹਾਂ ਨਰਮਿਆਂ ਦੀਆਂ ਛਿੱਟੀਆਂ ਨਾਲ ਮੁਫਤ ਤਪਦੇ ਚੁੱਲ੍ਹਿਆਂ ਨੂੰ ਰਸੋਈ ਗੈਸ ਦਾ ਗੁਲਾਮ ਬਣਾ ਦਿੱਤਾ ਗਿਆ ਅਤੇ ਘਰਾਂ ਵਿੱਚ ਲੱਗੇ ਹੱਥ ਨਲਕਿਆਂ ਤੇ ਵੀ ਮੋਟਰਾਂ ਲੱਗਣ ਲੱਗੀਆਂ ਤਾਂ ਸੂਝਵਾਨ ਲੋਕਾਂ ਨੇ ਕਿਹਾ ਕਿ ਇੱਕ ਦਿਨ ਅਜਿਹਾ ਆਵੇਗਾ ਕਿ "ਪਾਣੀ ਵੀ ਮੁੱਲ ਵਿਕਿਆ ਕਰੇਗਾ" ਤਾਂ ਇਹ ਸੁਣ ਕੇ ਲੋਕਾਂ ਨੂੰ ਉਹ ਆਦਮੀ ਪਾਗਲ, ਜਾਹਿਲ ਅਤੇ ਅਨਪੜ੍ਹ ਲੱਗਦਾ। ਪਰ ਅੱਜ ਇਹ ਸਭ ਵਾਪਰ ਰਿਹਾ ਹੈ ਅਤੇ ਪਾਣੀ ਦੀ ਬੋਤਲ ਦਸ, ਵੀਹ ਰੁਪਏ ਦੀ ਵਿਕ ਰਹੀ ਹੈ ਅਤੇ ਗੈਸ ਸਿਲੰਡਰ ਵੀ ਹਜ਼ਾਰ ਰੁਪਏ ਵਿਕ ਰਿਹਾ ਹੈ ਅਤੇ ਇੱਕ ਤਰ੍ਹਾਂ ਨਾਲ ਉਹ ਮਾੜੀ ਮੋਟੀ ਬੇਧਿਆਨੀ ਕਾਰਨ ਇੱਕ ਤਰ੍ਹਾਂ ਨਾਲ ਰਸੋਈ ਬੰਬ ਵੀ ਕਹਿ ਸਕਦੇ ਹਾਂ। ਹੁਣ ਸਟੋਵ ਫਟਣੋਂ ਹਟ ਗਏ ਹਨ ਅਤੇ ਗੈਸ ਸਿਲੰਡਰ ਫਟ ਰਹੇ ਹਨ। ਇਹ ਸਾਰਾ ਵਰਤਾਰਾ ਮੁਨਾਫਾ ਅਧਾਰਿਤ ਹੈ।

ਜਲ ਦਿਵਸ ਲਈ ਇੱਕ ਦਿਨ ਹੀ ਗੱਲ ਕਰਨਾ ਉਚਿਤ ਨਹੀਂ ਹੈ। ਪੰਜਾਬ ਲਈ ਜਿੱਥੇ ਕਿ ਪਾਣੀ ਸੈਂਕੜੇ ਫੁੱਟ ਹੇਠਾਂ ਚਲਾ ਗਿਆ ਹੈ ਉਸਦੇ ਕਾਰਨ, ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਜਿਸਨੇ ਕਿ ਪੰਜਾਬ ਨੂੰ ਸਾਮਰਾਜੀ ਮੁਲਕਾਂ ਲਈ ਮੁਨਾਫਿਆਂ ਦੀ ਮੰਡੀ ਬਣਾ ਦਿੱਤਾ ਹੈ। ਉਸ ਬਾਰੇ ਵੀ ਸਿਰ ਜੋੜ ਕੇ ਸੋਚਣ ਦੀ ਲੋੜ ਹੈ ਕਿ ਪੰਜਾਬ ਦੇ ਲੋਕ ਐਨੇ ਡਰਪੋਕ ਕਿਉਂ ਕਰ ਦਿੱਤੇ ਗਏ ਹਨ? ਜਿਵੇਂ ਕਿ ਕਰੋਨਾ ਦੌਰ ਵਿੱਚ ਹੁਕਮਰਾਨਾਂ ਨੇ ਜਾਨਲੇਵਾ ਬੀਮਾਰੀ ਦਾ ਸਹਿਮ ਖੜ੍ਹਾ ਕਰਕੇ ਇਸ ਨੂੰ ਭਜਾਉਣ ਲਈ ਥਾਲੀਆਂ, ਕੌਲੀਆਂ ਅਤੇ ਤਾੜੀਆਂ ਮਰਵਾ ਕੇ ਦੇਖ ਲਈਆਂ। ਇਹ ਤਾੜੀਆਂ ਨਹੀਂ ਸੀ ਸਗੋਂ ਆਪਣੇ ਹੀ ਤਰਕਹੀਣ ਮੂੰਹ ਤੇ ਚਪੇੜਾਂ ਮਾਰੀਆਂ ਸਨ। ਉਸੇ ਤਰ੍ਹਾਂ ਅੱਜ ਕੋਈ ਕਹਿ ਦੇਵੇ ਕਿ ਕੱਲ੍ਹ ਨੂੰ ਤੇਲ ਨਹੀਂ ਮਿਲਣਾ ਤਾਂ ਪੈਟਰੋਲ ਪੰਪਾਂ ਤੇ ਕਤਾਰਾਂ ਲੱਗ ਜਾਣਗੀਆਂ ਪਰ ਜਿਸ ਦਿਨ ਪਾਣੀ ਮੁੱਕ ਗਿਆ ਤਾਂ ਕਿਹੜੇ ਪੰਪ ਅੱਗੇ ਕਤਾਰਾਂ ਲਗਾ ਕੇ ਖੜ੍ਹਾਂਗੇ? ਮਨੁੱਖ ਕੋਈ ਪਪੀਹਾ ਤਾਂ ਹੈ ਨਹੀਂ ਕਿ ਬੂੰਦ ਦੀ ਆਸ ਵਿੱਚ ਕਈ ਮਹੀਨੇ ਬੱਦਲਾਂ ਦੀ ਉਡੀਕ ਵਿੱਚ ਮੂੰਹ ਅੱਡ ਕੇ ਖੜ੍ਹ ਸਕੇ। ਖੇਤਾਂ ਵਿੱਚ ਦਰੱਖਤ ਨਹੀਂ ਰਹੇ। ਪਾਣੀ ਜ਼ਹਿਰੀਲੇ ਹੋਣ ਕਾਰਨ ਪੰਛੀ ਮਰ ਗਏ ਅਤੇ ਬਾਕੀ ਪੰਜਾਬ ਦੀ ਜਵਾਨੀ ਦੇ ਪ੍ਰਵਾਸ ਕਰਨ ਵਾਂਗ ਸਵੈ ਇੱਛਾ ਨਾਲ ਹਿਜਰਤ ਕਰ ਗਏ ਹੁਣ ਪੰਜਾਬ ਵਿੱਚ ਚਿੜੀਆਂ, ਮੋਰ, ਚੱਕੀਰਾਹਾ, ਕਾਂ ਅਤੇ ਹੋਰ ਪੰਛੀ ਦੇਖਣ ਨੂੰ ਨਹੀਂ ਮਿਲ ਰਹੇ। ਘਰਾਂ ਵਿੱਚ ਮੱਝਾਂ ਗਾਵਾਂ ਨਹੀਂ ਦਿਸ ਰਹੀਆਂ ਅਤੇ ਅਸੀਂ ਮਿਲਾਵਟੀ ਦੁੱਧ, ਦਹੀਂ, ਲੱਸੀ ਅਤੇ ਪਨੀਰ ਦੇ ਮੁਰੀਦ ਹੋ ਗਏ ਹਾਂ ਜੋ ਕਿ ਮਿਲਾਵਟੀ ਹਨ। ਜਿਨ੍ਹਾਂ ਨੂੰ ਕਰੋੜਾਂ ਰੁਪਏ ਖਰਚ ਕਰੇ ਕੇ ਸਥਾਪਿਤ ਕੰਪਨੀਆਂ ਇਸ਼ਤਿਹਾਰਬਾਜ਼ੀ ਕਰ ਰਹੀਆਂ ਹਨ ਉਨ੍ਹਾਂ ਦੇ ਨਮੂਨੇ ਫੇਲ੍ਹ ਹੋ ਗਏ ਹਨ ਅਤੇ ਪੰਜਾਬ ਅਜੇ ਵੀ ਘੇਸਲ ਮਾਰ ਕੇ ਪਤਾ ਨਹੀਂ ਕਿਸਨੂੰ ਉਡੀਕ ਰਿਹਾ ਹੈ।

**-ਗੁਰਮੇਲ ਸਿੰਘ ਬੌਡੇ**
ਸਾਹਿਤਕ ਸਲਾਹਕਾਰ: ਮਹਿਕ ਵਤਨ ਦੀ ਲਾਈਵ
Ph.98143-04213
E-Mail: dhaliwal.gurmelbaude@gmail.com




ਇੱਕ ਗੱਲ ਯਾਦ ਰੱਖਣਾ ਕਿ ਪਾਣੀ ਦੀ ਤਾਂ ਮਨੁੱਖ, ਪਸ਼ੂ, ਪੰਛੀਆਂ ਅਤੇ ਬਨਸਪਤੀ ਅਤੇ ਫਸਲਾਂ ਨੂੰ ਲੋੜ ਹੈ। ਰਸੋਈ ਗੈਸ ਸਿਲੰਡਰ ਜਾਂ ਪੈਟਰੋਲ ਪੰਪਾਂ ਦੀ ਲੋੜ ਬਨਸਪਤੀ, ਪਸ਼ੂ ਅਤੇ ਪੰਛੀਆਂ ਨੂੰ ਨਹੀਂ ਹੈ। ਪਰ ਹੁਕਮਰਾਨ ਭਾਵੇਂ ਕਿਸੇ ਵੀ ਪਹਿਰਾਵੇ ਵਿੱਚ, ਕਿਸੇ ਵੀ ਝੰਡੇ ਦਾ ਧਾਰਨੀ ਜਾਂ ਕਿਸੇ ਵੀ ਦੇਸ਼ ਭਗਤ ਦੀਆਂ ਕਸਮਾਂ ਖਾਣ ਵਾਲਾ ਕਿਉਂ ਨਾ ਹੋਵੇ ਉਸ ਦੇ ਫੈਸਲੇ ਲੋਕ ਵਿਰੋਧੀ ਰਹੇ ਹਨ। ਸਫੈਦੇ ਦਾ ਦਰੱਖਤ ਸਭ ਤੋਂ ਵੱਧ ਪਾਣੀ ਧਰਤੀ ਹੇਠੋਂ ਖਿੱਚਦਾ ਹੈ ਇਸ ਨੂੰ ਸਾਰੀਆਂ ਨਹਿਰਾਂ ਤੇ ਸਾਹ ਮਾਰਗਾਂ ਤੇ ਕਿਸ ਅਕਲ ਦੇ ਅੰਨ੍ਹੇ ਨੇ ਸਿਫਾਰਸ਼ ਕੀਤੀ ਹੈ? ਸੜਕਾਂ ਦੇ ਵਿਚਕਾਰ ਡੀਵਾਈਡਰਾਂ ਵਿਚਕਾਰ ਜੋ ਕਨੇਰ ਦਾ ਬੂਟਾ ਹੈ ਸਭ ਤੋਂ ਵੱਧ ਜ਼ਹਿਰੀਲਾ ਹੈ ਇਹ ਕਿਸ ਭੜੂਏ ਦੀ ਸਿਆਣਪ ਹੈ ਕਿ ਹਰ ਰੋਜ਼ ਏਨਾ ਨੂੰ ਟੈਂਕੀਆਂ ਭਰ ਕੇ ਪਾਣੀ ਦੇਣਾ ਪੈਂਦਾ ਹੈ ਜਦੋਂ ਕਿ ਗੁਲਾਬ ਦਾ ਬੂਟਾ ਨਾਂਮਾਤਰ ਪਾਣੀ ਪੀਂਦਾ ਹੈ। ਝੋਨੇ ਦੀ ਫਸਲ ਸਭ ਤੋਂ ਵੱਧ ਪਾਣੀ ਪੀਂਦੀ ਹੈ ਅਤੇ ਇਸ ਦੇ ਇੱਕ ਵਰਗ ਮੀਟਰ ਵਿੱਚ ਪੰਦਰ੍ਹਾਂ ਵੀਹ ਪੌਦਿਆਂ ਨੂੰ ਪੰਜ ਹਜ਼ਾਰ ਲੀਟਰ ਪਾਣੀ ਦੀ ਤਿੰਨ ਮਹੀਨਿਆਂ ਦੀ ਖਪਤ ਹੈ। ਜੇ ਇਸਨੂੰ ਬਜ਼ਾਰ ਵਿੱਚ ਵੀਹ ਰੁਪਏ ਲੀਟਰ ਪਾਣੀ ਨਾਲ ਗੁਣਾਂ ਕਰੀਏ ਤਾਂ ਲੱਖਾਂ ਰੁਪਏ ਦੀ ਏਨੀ ਜਗ੍ਹਾ ਵਿੱਚ ਖਪਤ ਹੈ। ਅਸੀਂ ਸਿਰਫ ਝੋਨੇ ਦੀ ਸਰਕਾਰੀ ਐਮ ਐਸ ਪੀ ਮਿਲਣ ਤੇ ਕੱਛਾਂ ਵਜਾ ਰਹੇ ਹਾਂ ਜਦੋਂ ਕਿ ਸਾਡੇ ਭਵਿੱਖ ਦੇ ਵਾਰਸਾਂ ਪੋਤਰੇ ਪੋਤਰੀਆਂ, ਦੋਹਤੇ ਦੋਹਤਰੀਆਂ ਨੂੰ ਦੇਣ ਲਈ ਸਾਡੇ ਕੋਲ ਕੀ ਬਚੇਗਾ ਅਸੀਂ ਗੰਭੀਰਤਾ ਨਾਲ ਕਦੇ ਸੋਚਿਆ ਵੀ ਨਹੀਂ। ਅਸੀਂ ਉਨ੍ਹਾਂ ਨੂੰ ਵਿਰਾਸਤ ਵਿੱਚ ਬੰਜਰ ਪੰਜਾਬ ਦੀ ਬੰਜਰ ਜ਼ਮੀਨ ਦੇ ਕੇ ਜਾਵਾਂਗੇ ਜੋ ਕਿ ਇਹ ਵੀ ਉਨ੍ਹਾਂ ਬਹੁ ਕੰਪਨੀਆਂ ਦੇ ਧਨਾਢ ਹੱਥਾਂ ਵਿੱਚ ਹੋਵੇਗੀ ਜਿਨ੍ਹਾਂ ਤੋਂ ਅਸੀਂ ਪੀਟਰ ਇੰਜਣ, ਸੀਮਨ ਦੀਆਂ ਮੋਟਰਾਂ, ਤਰ੍ਹਾਂ-ਤਰ੍ਹਾਂ ਕੰਪਨੀਆਂ ਦੇ ਟਰੈਕਟਰ, ਕੰਬਾਈਨਾਂ, ਰੀਪਰ, ਕੀੜੇ ਮਾਰ ਜ਼ਹਿਰਾਂ, ਅਤੇ ਉਹ ਰਸਾਇਣ ਜੋ ਕਿ ਅਮਰੀਕਾ ਨੇ ਵੀਅਤਨਾਮ ਨਾਲ ਯੁੱਧ ਸਮੇਂ ਜ਼ਮੀਨ ਨੂੰ ਬੰਜਰ ਕਰਨ ਲਈ ਵਰਤਿਆ ਸੀ ਉਸਨੂੰ ਰਾਉਂਡ ਅੱਪ ਦੇ ਰੂਪ ਵਿੱਚ ਘਾਹ ਮਾਰਨ ਲਈ ਹੁਣ ਵੀ ਛਿੜਕ ਰਹੇ ਕਿਉਂਕਿ ਅਸੀਂ ਜਿੰਮ ਵਿੱਚ ਜਾ ਕੇ ਡੌਲਿਆਂ ਤੇ ਮੱਛਲੀਆਂ ਬਣਾ ਕੇ ਟੈਟੂ ਤਾਂ ਬਣਾ ਰਹੇ ਹਾਂ ਪਰ ਖੇਤ ਮੋਟਰ ਤੇ ਦੋ ਮੰਜਿਆਂ ਦੀ ਥਾਂ ਜਿੰਨਾ ਘਾਹ ਰੰਬੇ ਨਾਲ ਸਾਫ ਨਹੀਂ ਕਰ ਸਕਦੇ, ਮਹਿੰਗੇ ਪਟੀਨ ਖਾ ਕੇ ਕੰਪਨੀਆਂ ਨੂੰ ਮੁਨਾਫਾ ਤਾਂ ਦੇ ਰਹੇ ਹਾਂ ਪਰ ਖੇਤਾਂ ਵਿੱਚ ਘਰ ਦੀਆਂ ਸਬਜ਼ੀਆਂ ਲਗਾਉਣ ਦੀ ਥਾਂ ਪੀਜਾ, ਬਰਗਰ ਅਤੇ ਨੂਡਲਜ ਖਾਣ ਵਿੱਚ ਮਾਣ ਮਹਿਸੂਸ ਕਰਦੇ ਹਾਂ ਅਤੇ ਦੂਸਰੇ ਪਾਸੇ ਅਸੀਂ ਸਵੈਮਾਣ ਨੂੰ ਦਾਅ ਤੇ ਲਗਾ ਦਿੱਤਾ ਹੈ ਕਿ ਪੰਜਾਬ ਦੀਆਂ ਨਹਿਰਾਂ ਵਿੱਚ ਪੋਲਥੀਨ ਵਿਛਾ ਕੇ ਦੋ ਤਿੰਨ ਪਰਤਾਂ ਵਿੱਚ ਸੀਮੇਂਟ ਨਾਲ ਪਲਸਤਰ ਕੀਤਾ ਜਾ ਰਿਹਾ ਹੈ ਕਿ ਏਨਾ ਨਹਿਰਾਂ ਦਾ ਪਾਣੀ ਵੀ ਧਰਤੀ ਆਪਣੇ ਅੰਦਰ ਨਾਂ ਜੀਰ ਸਕੇ ਅਤੇ ਜਿਸ ਨਾਲ ਕਿ ਪਾਣੀ ਦਾ ਪੱਧਰ ਉੱਚਾ ਤਾਂ ਨਾਂ ਸਹੀ ਹੇਠਾਂ ਵੀ ਨਾ ਜਾ ਸਕੇ। ਉੱਠੋ ਲੋਕੋ ਮੌਜ ਮਸਤੀਆਂ ਵਿੱਚੋਂ ਨਿਕਲ ਕੇ ਮੁੜਮੱਤ ਨੂੰ ਤਿਆਗ ਕੇ ਸੋਚੀਏ ਕਿ ਜਨਮ ਦਿਨ ਸਾਲ ਬਾਅਦ ਨਹੀਂ ਆਉਂਦਾ ਸਗੋਂ ਹਰ ਸਵੇਰ ਜਦੋਂ ਅੱਠ ਦਸ ਘੰਟੇ ਦੁਨੀਆਦਾਰੀ ਨਾਲੋਂ ਟੁੱਟ ਕੇ ਸਵੇਰੇ ਅੱਖਾਂ ਖੋਲ੍ਹ ਕੇ ਜਿਉਂਦੇ ਹੋਣ ਦਾ ਅਹਿਸਾਸ ਕਰਦੇ ਹਾਂ ਤਾਂ ਇਹ ਸਾਡਾ ਜਨਮ ਦਿਨ ਹੀ ਹੁੰਦਾ ਹੈ। ਉਸੇ ਤਰ੍ਹਾਂ ਜਲ ਦਿਵਸ ਸਿਰਫ ਬਾਈ ਮਾਰਚ ਨੂੰ ਹੀ ਨਹੀਂ ਸਗੋਂ ਜਦੋਂ ਅਸੀਂ ਸਵੇਰੇ ਉੱਠ ਕੇ ਪਾਣੀ ਪੀਂਦੇ ਹਾਂ, ਨਹਾਉਂਦੇ ਹਾਂ, ਚਾਹ ਪੀਂਦੇ ਹਾਂ, ਪਾਣੀ ਨਾਲ ਗੁੰਨ੍ਹੇ ਆਟੇ ਦੀ ਰੋਟੀ ਖਾਂਦੇ ਹਾਂ, ਫਸਲਾਂ ਨੂੰ ਪਾਣੀ ਦਿੰਦੇ ਹਾ, ਪਸ਼ੂ, ਪੰਛੀ, ਦਰੱਖਤਾਂ ਨੂੰ, ਫਲਾਂ, ਸਬਜ਼ੀਆਂ ਨੂੰ ਪਾਣੀ ਮਿਲਦਾ ਹੈ ਅਤੇ ਜਦੋਂ ਕਿਤੇ ਔੜ ਲੱਗਣ ਕਾਰਨ ਮੀਂਹ ਵਾਸਤੇ ਅਸੀਂ ਜਗ ਕਰਦੇ ਹਾਂ ਅਤੇ ਪਾਣੀ ਲਈ ਲੀਰਾਂ ਦੀਆਂ ਗੁੱਡੀਆਂ ਫੂਕਣ ਵਰਗੀਆਂ ਦਕਿਆ ਨੂਸੀ ਪਰਪੰਚ ਕਰਦੇ ਹਾਂ ਤਾਂ ਇਸ ਤੋਂ ਹੀ ਸਾਨੂੰ ਪਾਣੀ ਦੀ ਅਹਿਮੀਅਤ ਦਾ ਅੰਦਾਜਾ ਲਗਾ ਲੈਣਾ ਚਾਹੀਦਾ ਹੈ ਕਿ ਜਿਹੋ ਜਿਹੀਆਂ ਹਾਲਤਾਂ ਵਿੱਚੋਂ ਦੀ ਅਸੀਂ ਲੰਘ ਰਹੇ ਹਾਂ ਉਸ ਮੁਤਾਬਕ ਹਰੇਕ ਦਿਨ ਹੀ ਸਾਡੇ ਲਈ ਜਲ ਦਿਵਸ ਹੈ।

ਪੱਛਮੀ ਮੁਲਕ ਵਿਦਿਆ ਦੇ ਗਿਆਨ ਨਾਲ ਸਿੱਖਿਅਤ ਹੋਣ ਕਰਕੇ ਕੁਦਰਤੀ ਦਾਤਾਂ ਪ੍ਰਤੀ ਅਤੀਤ, ਵਰਤਮਾਨ ਅਤੇ ਭਵਿੱਖ ਪ੍ਰਤੀ ਸੁਹਿਰਦ ਹਨ ਅਤੇ ਅੱਜ ਵੀ ਪੱਛਮੀ ਦੇਸ਼ਾਂ ਵਿੱਚ ਦਰੱਖਤਾਂ, ਪਸ਼ੂ, ਪੰਛੀਆਂ ਪ੍ਰਤੀ ਉਨ੍ਹਾਂ ਦੀ ਸੁਰਖਿਆ ਲਈ ਸਖਤ ਕਾਨੂੰਨਾਂ ਅਤੇ ਜ਼ੁਰਮਾਨਿਆਂ ਰਾਹੀਂ ਉਨ੍ਹਾਂ ਦੀ ਹੋਂਦ ਦੀ ਸੁਰੱਖਿਆ ਪ੍ਰਤੀ ਗੰਭੀਰਤਾ ਦੇਖੀ ਜਾ ਸਕਦੀ ਹੈ। ਇਸਦੇ ਨਾਲ ਹੀ ਕੁਦਰਤੀ ਵਰਤਾਰੇ ਨੂੰ, ਕੁਦਰਤ ਦੀਆਂ ਅਮੁੱਲ ਦਾਤਾਂ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਬੇਹੱਦ ਗੰਭੀਰਤਾ ਵਾਲੀ ਸੋਚ ਹੈ ਅਤੇ ਵਿਦੇਸ਼ਾਂ ਵਿੱਚ ਗਏ ਸਾਡੇ ਆਪਣੇ ਬੱਚੇ, ਰਿਸ਼ਤੇਦਾਰ ਸਾਨੂੰ ਦੱਸਦੇ ਹਨ ਕਿ ਉਨ੍ਹਾਂ ਦੇਸਾਂ ਦੀ ਹਵਾ, ਪਾਣੀ ਅਤੇ ਧੁੱਪ ਬੇਹੱਦ ਸਾਫ ਸੁਥਰੀ ਹੈ ਕਿ ਭਾਰਤ ਦੇ ਲੋਕਾਂ ਪ੍ਰਦੂਸ਼ਣ ਭਰੇ ਵਾਤਾਵਰਣ ਵਿੱਚ ਪੈਦਾ ਹੋਈਆਂ ਬੀਮਾਰੀਆਂ ਏਥੇ ਆ ਕੇ ਬਿਨਾ ਦਵਾਈਆਂ ਤੋਂ ਠੀਕ ਹੋ ਜਾਂਦੀਆਂ ਹਨ ਕਿਉਂਕਿ ਕਿ ਸਾਹ ਲੈਣ ਲਈ ਸ਼ੁੱਧ ਹਵਾ, ਸ਼ੁੱਧ ਪਾਣੀ, ਸਾਫ ਅਸਮਾਨ, ਖੂਬਸੂਰਤ

ਪਹਾੜ ਦਰੱਖਤਾਂ ਅਤੇ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੀ ਭਰਮਾਰ ਮਨੁੱਖ ਨੂੰ ਐਨਾ ਤਰੋਤਾਜਾ ਕਰ ਦਿੰਦੀ ਹੈ ਕਿ ਕਿਰਤ ਕਰਦਿਆਂ ਸਰੀਰਕ ਥਕਾਵਟ ਪੰਜਾਬ ਵਾਂਗ ਨਹੀਂ ਹੁੰਦੀ ਕਿ ਕੁਝ ਘੰਟੇ ਕੰਮ ਕਰਕੇ ਕਰੜੀ ਜੇਹੀ ਚਾਹ ਪੀ ਕੇ ਥਕਾਵਟ ਦੂਰ ਕਰਨ ਦੀ ਨੌਬਤ ਆਵੇ। ਪੰਜਾਬ ਵਰਗਾ ਮੁਲਕ ਕਿਤੇ ਵੀ ਨਹੀਂ ਹੈ। ਏਥੇ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਬਸੰਤ, ਗਰਮੀ, ਬਰਸਾਤ, ਪਤਝੜ, ਅਕਤੂਬਰ ਨਵੰਬਰ ਦੀ ਮੱਠੀ ਮੱਠੀ ਠੰਡ, ਅੱਤ ਦੀ ਸਰਦੀ, ਧੁੰਦ ਕੋਹਰਾ ਤੇ ਸਰਦੀਆਂ ਦੀ ਬਰਸਾਤ ਆਦਿ ਆਦਿ। ਪਰ ਅਨਪੜ੍ਹਤਾ ਕਾਰਨ ਕੁਦਰਤ ਪਤੀ ਗੰਭੀਰਤਾ ਹੀ ਨਹੀਂ ਸਗੋਂ ਮੁਨਾਫੇ ਖਾਤਰ ਜ਼ਹਿਰੀਲੀ ਖੁਰਾਕ ਪ੍ਰਤੀ ਵੀ ਅਸੀਂ ਲਾ-ਪ੍ਰਵਾਹ ਹਾਂ। ਸਿੱਖਿਆ ਦੀ ਘਾਟ ਅਨਪੜ੍ਹਤਾ, ਅਤੇ ਅੰਧਵਿਸ਼ਵਾਸ਼ਾਂ ਕਾਰਨ ਪੱਥਰਾਂ ਉੱਤੇ ਵੀ ਦੁੱਧ ਅਤੇ ਪਾਣੀ ਪਾ ਰਹੇ ਹਾਂ। ਜੰਡ ਵਰਗੇ ਦਰੱਖਤਾਂ ਦੁਆਲੇ ਲਾਲ ਕੱਪੜੇ ਲਪੇਟ ਕੇ ਉਸ ਦੀਆਂ ਜੜ੍ਹਾਂ ਵਿੱਚ ਤੇਲ ਪਾ ਕੇ ਨੌਂ ਨਿਧਾਂ ਤੇ ਬਾਰਾਂ ਸਿੱਧਾਂ ਦਾ ਭਰਮ ਪਾਲਦੇ ਹਾ। ਅਜਿਹੇ ਵਰਤਾਰੇ ਵਿੱਚ ਵਿਗਿਆਨ ਵਿੱਚ ਮਾਸਟਰ ਡਿਗਰੀਆਂ ਪ੍ਰਾਪਤ ਵਿਦਵਾਨਾਂ, ਉੱਚ ਅਧਿਕਾਰੀਆਂ ਦੀਆਂ ਉਂਗਲੀਆਂ ਵਿੱਚ ਨਗ, ਤਵੀਤ ਅਤੇ ਧਾਗੇ ਦੇਖ ਸਕਦੇ ਹਾਂ। ਜਿਸ ਦੇਸ਼ ਦੇ ਲੋਕ ਰਾਹੂ ਕੇਤੂ, ਮਨਸਾਂਦ, ਸੰਗਰਾਂਦ ਗਹਿਣੇ ਟਾਲਣ ਲਈ ਪਾਣੀ ਵਿੱਚ ਨਾਰੀਅਲ ਜਾਂ ਮੂਰਤੀਆਂ ਦਾ ਵਿਸਰਜਨ ਕਰਦੇ ਹੋਣ ਉਹ ਪਾਣੀ ਦੀ ਪਵਿੱਤਰਤਾ ਜਾਂ ਸ਼ੁੱਧਤਾ ਪ੍ਰਤੀ ਕਿੰਨੇ ਕੁ ਗੰਭੀਰ ਹੋ ਸਕਦੇ ਹਨ। ਉਹ ਲੋਕ ਜੋ ਫਸਲ ਕੱਟਣ ਤੋਂ ਬਾਅਦ ਸਾਲ ਵਿੱਚ ਦੋ ਵਾਰ ਨਾੜ ਨੂੰ ਅੱਗ ਲਗਾ ਕੇ ਹਵਾ ਦੂਸ਼ਿਤ ਕਰਦੇ ਹੋਣ। ਦੀਵਾਲੀ ਨੂੰ, ਧਾਰਮਿਕ ਦਿਵਸਾਂ ਤੇ ਵਿਆਹਾਂ ਸਮੇਂ ਦੀਵਾਲੀ ਜਿੰਨੇ ਪਟਾਕੇ ਚਲਾ ਕੇ ਸਾਰੇ ਪਿੰਡ ਦੀ ਹਵਾ ਨੂੰ ਦੂਸ਼ਿਤ ਕਰਦੇ ਹੋਣ ਉਹ ਪਵਨ ਗੁਰੂ ਅਤੇ ਪਾਣੀ ਪਿਤਾ ਦੀ ਪ੍ਰੀਖਿਆ ਵਿੱਚੋਂ ਵੀ ਸਿਫਰ ਨੰਬਰ ਲੈਣ ਵਾਲੇ ਹਨ। ਉਹ ਹਜ਼ਾਰਾਂ ਵਾਟ ਦੇ ਡੀ ਜੇ ਵਿਆਹਾਂ ਵਿੱਚ ਲਗਾ ਕੇ ਇਸ ਤੋਂ ਇਲਾਵਾ ਧਾਰਮਿਕ ਸਥਾਨਾਂ ਤੇ ਟਰੈਕਟਰਾਂ ਤੇ ਵੀ ਡੀ ਜੇ ਵਰਗੇ ਸਪੀਕਰ ਲਾ ਕੇ ਧਾਰਮਿਕ ਅਕੀਦਤ ਲਈ ਜਾਂਦੇ ਹੋਣ ਉਨ੍ਹਾਂ ਨੂੰ ਪੱਛਮੀ ਦੇਸ਼ਾਂ ਦੇ ਲੋਕ ਤਾਂ ਮਾਨਸਿਕ ਰੋਗੀ ਗਰਦਾਨਣਗੇ ਜੋ ਕਿ ਪਾਣੀ, ਹਵਾ ਅਤੇ ਖਾਧ ਖੁਰਾਕ ਦੂਸ਼ਿਤ ਕਰ ਕੇ ਇਸ ਸਥਿਤੀ ਵਿੱਚ ਪਹੁੰਚ ਗਏ ਹਨ। ਜਦੋਂ ਕਿ ਉਨ੍ਹਾਂ ਦੇਸ਼ਾਂ ਵਿੱਚ ਅਜਿਹਾ ਕੁਝ ਨਹੀਂ ਹੁੰਦਾ ਉਨ੍ਹਾਂ ਦੇ ਹੱਥ ਵਿੱਚ ਕਿਤਾਬ ਹੁੰਦੀ ਹੈ ਜੋ ਕਿ ਗਿਆਨ ਪ੍ਰਦਾਨ ਕਰਦੀ ਹੈ। ਜੀਵਨ ਜਾਚ ਅਤੇ ਖੋਜੀ ਬਿਰਤੀ ਵਾਲੇ ਸਰੀਰਕ ਅਤੇ ਮਾਨਸਿਕ ਪੱਖੋਂ ਤੰਦਰੁਸਤ ਵਿਗਿਆਨੀ, ਖਿਲਾੜੀ ਅਤੇ ਕੁਦਰਤ ਪ੍ਰਤੀ ਸੁਹਿਰਦ ਮਨੁੱਖਾਂ ਦੀ ਸਿਰਜਣਾ ਕਰਦੀ ਹੈ।

ਬੜੇ ਅਫੋਸਸ ਨਾਲ ਆਪਣੇ ਲੋਕਾਂ ਦੀ ਸੋਚਣੀ ਤੇ ਹੈਰਾਨੀ ਹੁੰਦੀ ਹੈ ਕਿ ਮੁੱਲ ਵਿਕਦਾ ਪਾਣੀ ਖਰੀਦ ਕੇ ਜੋ ਅਜੇ ਵੀ ਇਹ ਕਹਿੰਦੇ ਹਨ ਕਿ ਇੰਝ ਕਿਵੇਂ ਪਾਣੀ ਮੁੱਕਜੂ ਐਵੇਂ ਬੇਵਕੂਫ ਲੋਕ ਮਗਜ ਖਪਾਈ ਕਰੀ ਜਾ ਰਹੇ ਹਨ ਅਤੇ ਦੂਸਰੇ ਪਾਸੇ ਉਹੀ ਲੋਕ ਪਾਣੀ ਦਾ ਪੱਧਰ ਹੇਠਾਂ ਜਾਣ ਕਾਰਨ ਖੇਤਾਂ ਵਿੱਚ ਦਸ-ਪੰਦਰਾਂ ਫੁੱਟ ਦੀ ਹੋਰ ਪਾਈਪ ਪਾ ਰਹੇ ਹੁੰਦੇ ਹਨ। ਉਹ ਅਜੇ ਵੀ ਇਸ ਭਰਮ ਵਿੱਚ ਹਨ ਕਿ ਸੂਰਜ ਦੀਆਂ ਕਿਰਨਾਂ ਵਾਂਗ ਪਾਣੀ ਵੀ ਸਦੀਆਂ ਤੱਕ ਖਤਮ ਨਹੀਂ ਹੋ ਸਕਦਾ। ਜਦੋਂ ਕਿ ਹਕੀਕਤ ਇਹ ਹੈ ਕਿ ਸਾਮਰਾਜੀ ਮੁਲਕਾਂ ਨੇ ਆਪਣੇ ਪਾਣੀ ਦ ਸਰੋਤਾਂ ਨੂੰ ਭਵਿੱਖ ਲਈ ਸਾਂਭ ਕੇ ਰੱਖਿਆ ਹੋਇਆ ਹੈ। ਕਈ ਦੇਸ਼ਾਂ ਵਿੱਚ ਤਾਂ ਨਦੀਆਂ, ਦਰਿਆਵਾਂ ਦੇ ਪਾਣੀਆਂ ਨੂੰ ਸਾਫ ਕਰਕੇ ਵਰਤਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਨੂੰ ਤੀਕ ਵੀ ਨਹੀਂ ਵਰਤਿਆ। ਜਦੋਂ ਪਾਣੀ ਤੋਂ ਸੱਖਣੇ ਮੁਲਕਾਂ ਵਿੱਚ ਪਾਣੀ ਨਾਂ ਮਿਲਿਆ ਤਾਂ ਪਾਣੀ ਨੂੰ ਸਾਂਭ ਕੇ ਰੱਖਣ ਵਾਲੇ ਮੁਲਕਾਂ ਵਿੱਚੋਂ ਪਾਣੀ ਵੀ ਤੇਲ ਵਾਂਗ ਬੈਰਲਾਂ ਵਿੱਚ ਡਾਲਰਾਂ ਅਤੇ ਪੌਂਡਾਂ ਵਿੱਚ ਆਇਆ ਕਰੇਗਾ। ਫੇਰ ਟੂਟੀਆਂ ਛੱਡ ਕੇ ਕਾਰਾਂ, ਮੋਟਰ ਸਾਇਕਲਾਂ ਨੂੰ ਘਰਾਂ ਵਿੱਚ ਧੋਣ ਵਾਲੇ ਅਤੇ ਪਾਣੀ ਦੀ ਟੂਟੀ ਨੂੰ ਨਾਲੀ ਵਿੱਚ ਖੁੱਲ੍ਹਾ ਛੱਡਣ ਵਾਲਿਆਂ ਨੂੰ ਮੂੰਹ ਧੋਣਾ ਵੀ ਦਸ ਰੁਪਏ ਵਿੱਚ ਪਵੇਗਾ। ਰੁਜ਼ਗਾਰ ਵਸੀਲਿਆਂ ਤੋਂ ਤਾਂ ਸਰਕਾਰਾਂ ਹੁਣੇ ਹੀ ਹੱਥ ਖੜ੍ਹੇ ਕਰ ਰਹੀਆਂ ਹਨ ਅਤੇ ਜਦੋਂ ਪਾਣੀ ਦੀ ਕਮੀ ਕਾਰਨ ਫਸਲਾਂ ਨਾਂ ਹੋਈਆਂ ਤਾਂ ਫੇਰ ਮੰਗਿਆਂ ਖੈਰ ਵੀ ਨਹੀਂ ਮਿਲਣੀ। ਫੇਰ ਭੁੱਖਮਰੀ ਦੇ ਨਾਲ ਨਾਲ ਪਿਆਸ ਮਰੀ ਦਾ ਸਾਹਮਣਾ ਵੀ ਕਰਨਾ ਪਵੇਗਾ ਅਤੇ ਦੁਨੀਆਂ ਵਿੱਚ ਭਵਿੱਖ ਦੇ ਯੁੱਧ ਪਾਣੀਆਂ ਖਾਤਰ ਹੋਣਗੇ ਅਤੇ ਏਹੀ ਪਾਣੀ ਦੀ ਦੁਰਵਰਤੋਂ ਨੂੰ ਸੰਜਮ ਨਾਲ ਨਾਂ ਵਰਤਣ ਦਾ ਭਵਿੱਖ ਹੈ ਅਤੇ ਇਹ ਯੁੱਧ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜੀਵਨ ਯੁੱਧ ਵੱਜੋਂ ਲੜਨਾ ਪਵੇਗਾ।

ਏਕਮ ਟਿਊਸ਼ਨ ਸੈਂਟਰ
ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ
EKAM Tution Center
All Subject of Nursury to 8 th Classes
CBSE / ICSE / Punjab School Edu. Board
ਏ.ਸੀ. ਕਲਾਸ ਰੂਮ, ਵਾਈ-ਫਾਈ
ਕੰਮਪਿਊਟਰ ਪ੍ਰੈਂਟ ਆਊਟ
Center: Basti Gobindgarh
Near Ghalan Walia Di Atta Chakki
1195, Ajit Nagar, Moga

Contact: 96460-21463

ਪਾਰਸ ਅਰੋੜਾ
75288-65335
94642-20270
DarkBuck™
Quality PVC Panels
Designed in Canada
ਸੁਖਮੰਦਰ ਸਿੰਘ
85228-00001
ਮੈਸ. ਰਹਿਮਤ ਇਗਜ਼ਿਮ
ਇੱਥੇ ਕੰਧਾਂ ਦੀ ਸਲਾਬ ਰੋਕਨ ਵਾਸਤੇ ਕਈ ਰੰਗਾਂ
ਅਤੇ ਡਿਜ਼ਾਇਨਾਂ ਵਿੱਚ ਪੀ.ਵੀ.ਸੀ. ਪੈਨਲ ਮਿਲਦੇ ਹਨ।
ਵਧੀਆ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।
ਅੰਮ੍ਰਿਤਸਰ ਰੋਡ, ਨੇੜੇ ਡਾ. ਖੰਨਾ ਹਸਪਤਾਲ, ਮੋਗਾ।

Bombay Bhel
restaurant®
2525 Hampshire Gate
(Dundas and Winston Churchill)
Oakville, Ontario. L6H 6CB
905.829.1040
www.bombaybhelrestaurant.com




# ਪੁਰਖਿਆਂ ਮੁਤਾਬਕ ਕਿਸੇ ਖਾਸ ਮਕਸਦ ਲਈ ਵਰਤੀਆਂ ਗੱਲਾਂ ਜਿਨ੍ਹਾਂ ਨੇ ਰਿਵਾਜ਼ਾਂ ਦਾ ਰੂਪ ਧਾਰਨ ਕੀਤਾ

ਦੋਸਤੋ ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ, ਤਬਦੀਲੀ ਵੀ ਕੁਦਰਤ ਦਾ ਨਿਯਮ ਹੈ ਇਹ ਹਰ ਹੀਲੇ ਆਉਣੀ ਹੈ, ਇਸ ਤੋਂ ਕਦੇ ਵੀ ਨਾਬਰ ਨਹੀਂ ਹੋਇਆ ਜਾ ਸਕਦਾ, ਅਤੇ ਸਾਨੂੰ ਨਾ ਚਾਹੁੰਦਿਆਂ ਹੋਇਆਂ ਵੀ ਉਸ ਤਬਦੀਲੀ ਨਾਲ ਤਬਦੀਲ ਹੋਣਾ ਪੈਂਦਾ ਹੈ, ਭਾਵ ਸਮੇਂ ਮੁਤਾਬਿਕ ਢਲਣਾ ਪੈਂਦਾ ਹੈ। ਜੇਕਰ ਪੁਰਾਤਨ ਸਮਿਆਂ ਦੀ ਗੱਲ ਕਰੀਏ ਤਾਂ ਪੁਰਖਿਆਂ ਦੇ ਦੱਸਣ ਮੁਤਾਬਿਕ ਓਹ ਗੱਲਾਂ ਦਾ ਮਕਸਦ ਕੁੱਝ ਹੋਰ ਸੀ ਪਰ ਵੇਖੋ ਵੇਖੀ ਕਹੀਏ ਜਾਂ ਫਿਰ ਦੇਸੀ ਬੋਲੀ ਵਿੱਚ ਕਹੀਏ ਜੋ ਆਮ ਚੰਗੀ ਨਹੀਂ ਲਗਦੀ ਭਾਵ ਲਾਈ ਲੱਗ ਵਾਲੀਆਂ ਗੱਲਾਂ ਬਣ ਗਈਆਂ ਜਿਨ੍ਹਾਂ ਦੇ ਪਿਛੋਕੜ ਬਾਰੇ ਕਦੇ ਵੀ ਕਿਸੇ ਨੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸਗੋਂ ਓਨਾਂ ਗੱਲਾਂ ਨੂੰ ਇੱਕ ਰਿਵਾਜ਼ ਦਾ ਰੂਪ ਦੇ ਦਿੱਤਾ, ਜੇਕਰ ਕਿਸੇ ਬੀਬੀ ਭੈਣ ਮਾਤਾ ਨੂੰ ਜਾਂ ਕਿਸੇ ਨੌਜਵਾਨ ਨੂੰ ਪੁੱਛੀਏ ਤਾਂ ਅੱਗੋਂ ਘੜਿਆ ਘੜਾਇਆ ਇੱਕੋ ਜਵਾਬ ਮਿਲਦਾ ਹੈ ਕਿ ਇਹਦਾ ਪਤਾ ਤਾਂ ਨਹੀਂ ਪਰ ਮੇਰੀ ਸੱਸ ਜਾਂ ਦਾਦੀ ਸੱਸ ਜਾਂ ਸਾਡੇ ਵੱਡੇ ਕਰਦੇ ਰਹੇ, ਕਰਕੇ ਹੀ ਮੈਂ ਉਹਨਾਂ ਦੇ ਹੁਕਮ ਤੇ ਫੁੱਲ ਚੜ੍ਹਾ ਰਹੀ ਹਾਂ, ਇਹੋ ਜਿਹੀਆਂ ਗੱਲਾਂ ਆਮ ਹੀ ਸੁਣਨ ਨੂੰ ਮਿਲਦੀਆਂ ਹਨ ਅਤੇ ਉਹੀ ਅਜੋਕੇ ਰਿਵਾਜ਼ ਪ੍ਰਚਲਿਤ ਹੋ ਕੇ ਅੱਜ ਤੱਕ ਉਵੇਂ ਹੀ ਚੱਲ ਰਹੀਆਂ ਹਨ।

ਤਿੰਨ ਗੱਲਾਂ ਜੋ ਪੁਰਖਿਆਂ ਤੋਂ ਜਾਣੀਆਂ ਨੇ ਅੱਜ ਆਪਾਂ ਉਨ੍ਹਾਂ ਦੀ ਗੱਲ ਕਰਦੇ ਹਾਂ। ਵਿਆਹ ਸਮੇਂ ਟੋਕਰੇ ਥੱਲੇ ਬਿੱਲੀ ਤਾੜਨਾ, ਕੌਲੀਂ ਤੇਲ ਪਾਉਣਾ ਅਤੇ ਡੋਲੀ ਤੋਰਨ ਸਮੇਂ ਕਾਰਾਂ ਦੇ ਟਾਇਰਾਂ ਤੇ ਪਾਣੀ ਪਾ ਕੇ ਘਰੋਂ ਡੋਲੀ ਵਿਦਾ ਕਰਨੀ। ਪਹਿਲੀ ਗੱਲ ਟੋਕਰੇ ਥੱਲੇ ਬਿੱਲੀ ਤਾੜਨ ਦੀ ਗੱਲ ਹੀ ਕਰਦੇ ਹਾਂ, ਸਿਆਣਿਆਂ ਦੇ ਦੱਸਣ ਮੁਤਾਬਕ ਕਿਸੇ ਪਰਿਵਾਰ ਦੇ ਘਰ ਨਵੀਂ ਵਿਆਹੀ ਜੋੜੀ ਪਹੁੰਚੀ, ਆਪਾਂ ਸਭਨਾਂ ਨੂੰ ਇਸ ਬਾਬਤ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਮਹੌਲ ਬੜੀ ਖੁਸ਼ੀ ਭਰਿਆ ਹੁੰਦਾ ਹੈ ਤੇ ਸਾਰਾ ਟੱਬਰ ਮੇਲ ਗੇਲ ਆਂਢ-ਗੁਆਂਢ ਜਾਂ ਸਾਰੇ ਘਰ ਦੇ ਪਰਿਵਾਰਕ ਮੈਂਬਰ ਨਵੀਂ ਨਿਵੇਲੀ ਵਹੁਟੀ ਜੋ ਘਰ ਵਿੱਚ ਲਛਮੀ ਦੇ ਰੂਪ ਵਿੱਚ ਪ੍ਰਵੇਸ਼ ਕਰਦੀ ਹੈ ਉਸ ਨੂੰ ਨੇੜਿਉਂ ਵੇਖਣ ਦਾ ਚਾਹਵਾਨ ਵੀ ਹੁੰਦਾ ਹੈ ਤੇ ਖਾਸ ਕਰਕੇ ਘਰ ਦੀ ਮੁੱਖ ਬੀਬੀ ਭਾਵ ਵਿਆਂਦੜ ਦੀ ਮਾਂ ਨੇ ਤਾਂ ਪਾਣੀ ਵਾਰਨਾ ਵਿਹਾਰ ਵੀ ਕਰਨਾ ਹੁੰਦਾ ਹੈ। ਹੋਇਆ ਕੀ ਐਨ ਉਸੇ ਵਕਤ ਵਿਹੜੇ ਵਿੱਚ ਇੱਕ ਬਿੱਲੀ ਆ ਗਈ ਤੇ ਘਰ ਦਿਆਂ ਨੇ ਉਸ ਨੂੰ ਟੋਕਰੇ ਥੱਲੇ ਤਾੜ ਦਿੱਤਾ, ਸਿਰਫ ਇਸ ਕਰਕੇ ਕਿ ਅਸੀਂ ਤਾਂ ਸਾਰੇ ਇਧਰ ਡੋਲੀ ਨੂੰ ਉਤਾਰਨ ਵੱਲ ਰੁੱਝੇ ਹੋਵਾਂਗੇ ਤੇ ਬਿੱਲੀ ਮਗਰੋਂ ਮਠਿਆਈ ਨੂੰ, ਦੁੱਧ ਨੂੰ ਜਾਂ ਕਿਸੇ ਬਣੀ ਸਬਜ਼ੀ ਭਾਜੀ ਫੁਲਕਿਆਂ ਆਦਿ ਨੂੰ ਮੂੰਹ ਨਾ ਮਾਰ ਜਾਏ, ਸਿਰਫ ਇਸ ਲਈ ਤਾੜੀ ਸੀ, ਜਦੋਂ ਪਰਿਵਾਰ ਨੇ ਆਪਣਾ ਕਾਰ ਵਿਹਾਰ ਕਰ ਲਿਆ ਤਾਂ ਟੋਕਰੇ ਥੱਲਿਓਂ ਬਿੱਲੀ ਕੱਢ ਦਿੱਤੀ। ਪਰ ਇਹ ਅੱਜ ਵੀ ਕਈ ਪਰਿਵਾਰਾਂ ਵੱਲੋਂ ਕਿਸੇ ਖਾਸ ਇਲਾਕਿਆਂ 'ਚ ਰਿਵਾਜ਼ ਪ੍ਰਚਲਿਤ ਹੈ ਭਾਵ ਡੋਲੀ ਉਤਾਰਨ ਵੇਲੇ ਬਿੱਲੀ ਭਾਲਦੇ ਫਿਰਦੇ ਹਨ, ਇਉਂ ਕਦੇ ਸਮੇਂ ਤੇ ਬਿੱਲੀ ਮਿਲਦੀ ਹੈ? ਜਿਸ ਨੂੰ ਰਿਵਾਜ਼ ਬਣਾ ਲਿਆ ਹੈ। ਅਸਲ ਗੱਲ ਤਾਂ ਉਹ ਜੋ ਉਪਰੋਕਤ ਲਿਖੀ ਹੈ ਉਹੀ ਸੀ ਨਾਹ ਕਿ ਕੋਈ ਰਿਵਾਜ਼ ਸੀ।

ਹੁਣ ਜੇ ਅਗਲੀ ਗੱਲ ਕਰੀਏ ਕੌਲੀਂ ਤੇਲ ਪਾਉਣਾ ਉਹ ਵੀ ਪੁਰਖਿਆਂ ਤੋਂ ਕੁੱਝ ਇਸ ਤਰ੍ਹਾਂ ਪਤਾ ਲੱਗਾ ਹੈ ਕਿ ਪੁਰਾਤਨ ਪੰਜਾਬ ਵਿੱਚ ਬਹੁਤ ਵੱਡੇ-ਵੱਡੇ ਅਤੇ ਭਾਰੇ ਲੱਕੜ ਦੇ ਗੇਟ ਘਰਾਂ ਨੂੰ ਲਗਾਏ ਜਾਂਦੇ ਸਨ, ਉਨ੍ਹਾਂ ਦੀ ਥੱਲੇ ਜੋ ਚੂਲ ਹੁੰਦੀ ਸੀ ਜਿਸ ਵਿੱਚ ਗੇਟ ਦਾ ਥੱਲਾ ਟਿਕਾਇਆ ਹੁੰਦਾ ਸੀ ਉਹ ਵੀ ਭਾਰੀ ਲੱਕੜ ਵਿੱਚ ਸੁਰਾਖ ਕੱਢ ਕੇ ਜ਼ਮੀਨ ਵਿੱਚ ਅੱਡਾ ਜਿਹਾ ਬਣਾ ਕੇ ਗੱਡਿਆ ਜਾਂਦਾ ਸੀ ਤੇ ਉਸ ਉੱਪਰ ਇੱਕ ਪਾਸੇ ਦੇ ਤਖਤੇ ਦੀ ਚੂਲ ਰੱਖੀ ਜਾਂਦੀ ਸੀ, ਦੂਜੇ ਪਾਸੇ ਵੀ ਇਉਂ ਹੀ ਕੀਤਾ ਜਾਂਦਾ ਸੀ ਗੇਟ ਕਾਫੀ ਭਾਰੇ ਹੁੰਦੇ ਸਨ, ਗੇਟ ਬੰਦ ਕਰਨ ਤੇ ਖੋਲ੍ਹਣ ਵੇਲੇ ਜਦ ਲੱਕੜ ਆਪਸ ਵਿੱਚ ਇੱਕ ਦੂਜੇ ਨਾਲ ਖਹਿੰਦੀ ਸੀ ਤਾਂ ਕਦੇ-ਕਦੇ ਬੜੀ ਭੈੜੀ ਜਿਹੀ ਆਵਾਜ਼ ਆਇਆ ਕਰਦੀ ਸੀ, ਤੇ ਉਸ ਨੂੰ ਤਰ ਰੱਖਣ ਲਈ ਅਤੇ ਆਵਾਜ਼ ਨਾ ਆਵੇ ਇਸ ਲਈ ਸਰੋਂ ਦਾ ਤੇਲ ਪਾ ਦਿੱਤਾ ਜਾਂਦਾ ਸੀ ਤਾਂ ਕਿ ਗੇਟ ਰਵਾਂ ਬੰਦ ਹੋਵੇ ਤੇ ਰੈਲਾ ਖੁਲ੍ਹ ਸਕੇ। ਇੱਕ ਵਾਰ ਕੁਦਰਤੀ ਤੇਲ ਪਾਉਂਦਿਆਂ ਤੋਂ ਕਿਸੇ ਘਰ ਵਿੱਚ ਕੋਈ ਮਹਿਮਾਨ ਆ ਗਿਆ ਤੇ ਉਸ ਨੂੰ ਗੇਟ ਤੇ ਦੋ ਕੁ ਮਿੰਟ ਰੁਕਣਾ ਪਿਆ ਕਿਉਂਕਿ ਘਰ ਦਾ ਮੁਖੀਆ ਗੇਟ ਨੂੰ ਰਵਾਂ ਕਰਨ ਲਈ ਤੇਲ ਪਾ ਰਿਹਾ ਸੀ ਤੇ ਵੇਖੋ ਵੇਖੀ ਇਹ ਰਿਵਾਜ਼ ਪ੍ਰਚਲਿਤ ਹੋ ਗਿਆ, ਜੋ ਅੱਜ ਤੱਕ ਵੀ ਰਿਵਾਜ਼ ਦੇ ਤੌਰ ਤੇ ਪ੍ਰਚੱਲਤ ਹੈ ਕਿ ਘਰ ਕਿਸੇ ਖਾਸ ਮਹਿਮਾਨ ਦੇ ਆਏ ਤੋਂ ਕੌਲੀਂ ਤੇਲ ਪਾਇਆ ਜਾਂਦਾ ਹੈ ਤੇ ਉਸੇ ਸਮੇਂ ਤੋਂ ਹੀ ਇਹ ਵੀ ਇੱਕ ਰਿਵਾਜ਼ ਦੀ ਤਰ੍ਹਾਂ ਪ੍ਰਚੱਲਤ ਹੋ ਗਿਆ, ਜਦੋਂ ਕਿ ਕਿਸੇ ਆਏ ਗਏ ਪ੍ਰਾਹੁਣੇ ਨਾਲ ਇਸ ਦਾ ਕੋਈ ਵੀ ਮਤਲਬ ਨਹੀਂ ਤੇ ਦੂਰ ਦਾ ਵੀ ਸਬੰਧ ਨਹੀ, ਪਰ ਅੱਜ ਵੀ ਅਸੀਂ ਉਵੇਂ ਹੀ ਕਰ ਰਹੇ ਹਾਂ ਜਦੋਂ ਕਿ ਹੁਣ ਆਲੀਸ਼ਾਨ ਕੋਠੀਆਂ ਬਣ ਚੁੱਕੀਆਂ ਹਨ ਪਰ ਅਸੀਂ ਲਕੀਰ ਦੇ ਫਕੀਰ ਬਣੇ ਹੋਏ ਹਾਂ ਤੇ ਆਏ ਕਿਸੇ ਖਾਸ ਮਹਿਮਾਨ ਵੇਲੇ ਕੌਲੀਂ ਤੇਲ ਪਾਉਣਾ ਚਾਲੂ ਰੱਖਿਆ ਹੋਇਆ ਹੈ।

ਹੁਣ ਆਪਾਂ ਆਉਣੇ ਆਂ ਤੀਜੀ ਗੱਲ ਤੇ ਜੋ ਡੋਲੀ ਤੋਰਨ ਵੇਲੇ ਟਾਇਰਾਂ ਤੇ ਪਾਣੀ ਪਾਉਣਾ। ਸਹੀ ਮਾਅਨਿਆਂ 'ਚ ਪਹਿਲੇ ਸਮਿਆਂ ਵਿੱਚ ਡੋਲੀਆਂ ਰੱਥ ਜਾਂ ਬਲਦਾਂ ਵਾਲੇ ਗੱਡਿਆਂ ਤੇ ਜਾਂਦੀਆਂ ਰਹੀਆਂ ਹਨ, ਰਥ ਜਾਂ ਗੱਡਿਆਂ ਦੇ ਲੱਕੜ ਤੋਂ ਬਣੇ ਹੋਏ ਪਹੀਏ ਜਦੋਂ ਇੱਕ ਦੂਜੇ ਨਾਲ ਚੱਲਦੇ ਚੱਲਦੇ ਖਹਿੰਦੇ ਸਨ ਤਾਂ ਕਾਫੀ ਡਰਾਉਣੀ ਜਿਹੀ ਆਵਾਜ਼ ਆਇਆ ਕਰਦੀ ਸੀ ਤੇ ਸਾਡੇ ਪੁਰਖਿਆਂ ਦੇ ਦੱਸਣ ਮੁਤਾਬਿਕ ਉਨ੍ਹਾਂ ਸਮਿਆਂ ਵਿੱਚ ਡੋਲੀ ਨੂੰ ਲੁਟੇਰਿਆਂ ਵੱਲੋਂ ਲੁੱਟਿਆ ਵੀ ਜਾਂਦਾ ਰਿਹਾ ਹੈ, ਪਾਣੀ ਪਾਉਣ ਦਾ ਮਤਲਬ ਸਿਰਫ ਉਹਨਾਂ ਗੱਡਿਆਂ ਜਾਂ ਰਥਾਂ ਦੇ ਪਹੀਆਂ ਵਿੱਚੋਂ ਆਵਾਜ਼ ਨਾ ਆਉਣ ਤੱਕ ਹੀ ਸੀਮਤ ਸੀ, ਸਿਰਫ ਇਸ ਲਈ ਪਾਣੀ ਪਾਇਆ ਜਾਂਦਾ ਰਿਹਾ ਹੈ, ਜਦੋਂ ਕਿ ਅਜੋਕੇ ਅਗਾਂਹਵਧੂ ਅਤੇ ਮਾਡਰਨ ਜ਼ਮਾਨੇ ਵਿੱਚ ਓਹ ਜਗ੍ਹਾ ਮਹਿੰਗੀਆਂ ਕਾਰਾਂ ਤੇ ਇਥੋਂ ਤੱਕ ਕਿ ਹੈਲੀਕਾਪਟਰਾਂ ਅਤੇ ਹਵਾਈ ਜਹਾਜ਼ਾਂ ਨੇ ਲੈ ਲਈ ਹੈ, ਪਰ ਅਸੀਂ ਹਾਲੇ ਵੀ ਲਕੀਰ ਦੇ ਫਕੀਰ ਬਣੇ ਹੋਏ ਆ ਭਾਵ ਕਾਰਾਂ ਦੇ ਟਾਇਰਾਂ ਤੇ ਪਾਣੀ ਪਾ ਕੇ ਡੋਲੀ ਨੂੰ ਵਿਦਾ ਕਰਦੇ ਹਾਂ। ਉਹ ਤਾਂ ਖੈਰ ਪਹੁੰਚ ਤੋਂ ਬਾਹਰ ਦੀ ਗੱਲ ਹੈ ਨਹੀਂ ਤਾਂ ਅਸੀਂ ਹੈਲੀਕਾਪਟਰਾਂ ਅਤੇ ਹਵਾਈ ਜਹਾਜ਼ਾਂ ਦੇ ਟਾਇਰਾਂ ਤੇ ਵੀ ਪਾਣੀ ਪਾਉਣ ਦੀ ਢਿੱਲ ਨਾ ਕਰੀਏ ਪਰ ਉਥੇ ਪਹੁੰਚਿਆ ਨਹੀਂ ਜਾਂਦਾ।

ਸੋ ਦੋਸਤੋ ਸਮਾਂ ਬਹੁਤ ਅੱਗੇ ਲੰਘ ਚੁੱਕਿਆ ਹੈ ਸਾਨੂੰ ਸਾਰਿਆਂ ਨੂੰ ਸਮੇਂ ਅਨੁਸਾਰ ਢਲਣਾ ਹੀ ਪਵੇਗਾ। ਇਹ ਕੁੱਝ ਕੁ ਗੱਲਾਂ ਸਨ ਜੋ ਵਡੇਰੀ ਉਮਰ ਦੇ ਸਾਡੇ ਪੁਰਖਿਆਂ ਤੋਂ ਕੁੱਝ ਕੁ ਦਿਨ ਪਹਿਲਾਂ ਹੀ ਸੁਣੀਆਂ ਸਨ ਜੋ ਤੁਹਾਡੇ ਸਭਨਾਂ ਨਾਲ ਸਾਂਝੀਆਂ ਕੀਤੀਆਂ ਨੇ, ਹੋਰ ਵੀ ਜਿਵੇਂ-ਜਿਵੇਂ ਕਿਸੇ ਪੁਰਾਤਨ ਰੀਤੀ ਰਿਵਾਜ਼ਾਂ ਦਾ ਪੁਰਖਿਆਂ ਤੋਂ ਪਤਾ ਲੱਗੇਗਾ ਉਹ ਤੁਹਾਡੇ ਨਾਲ ਜ਼ਰੂਰ ਸਾਂਝੀਆਂ ਕਰਾਂਗਾ।

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ



010

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

01. ਕਿਸੇ ਚੀਜ ਨੂੰ ਸੰਕੋਚ ਕੇ ਵਰਤਣ ਨੂੰ 'ਸਰਫਾ ਕਰਨਾ' ਕਹਿੰਦੇ ਹਨ।
02. ਕਿਸੇ ਨਾਲ ਕਿਸੇ ਕਿਸਮ ਦਾ ਕੋਈ ਵਾਅਦਾ ਜਾਂ ਕਰਾਰ ਕਰਨ ਨੂੰ 'ਕੌਲ' ਕਰਨਾ ਕਹਿੰਦੇ ਹਨ।



03. ਖਾਹਸ਼, ਇੱਛਾ, ਚਾਹਤ ਨੂੰ 'ਤਾਂਘ' ਕਹਿੰਦੇ ਹਨ।
04. ਬਹੁਤ ਖੁਸ਼ ਹੋ ਜਾਣ ਨੂੰ 'ਨਿਹਾਲ ਹੋ ਜਾਣਾ' ਕਹਿੰਦੇ ਹਨ।
05. 'ਚੁਫੇਰੇ' ਦਾ ਮਤਲਬ ਚਾਰੇ ਪਾਸੇ (ਚਾਰੇ ਦਿਸ਼ਾਵਾਂ ਵਿੱਚ)
06. ਕਿਸੇ ਦੀ ਮੌਤ ਸਮੇਂ ਜੋ ਰਾਸ਼ਨ ਕੁੜਮ / ਕੁੜੀ ਦੇ ਮਾਪੇ ਲੈ ਕੇ ਜਾਂਦੇ ਹਨ ਉਸ ਨੂੰ 'ਲੱਧਾ' ਕਹਿੰਦੇ ਹਨ।
07. ਜੁਦਾ ਹੋਣਾ, ਇੱਕ ਦੂਜੇ ਤੋਂ ਅਲੱਗ ਜਾਂ ਦੂਰ ਹੋ ਜਾਣ ਨੂੰ 'ਨਿਖੜਣਾ' ਕਹਿੰਦੇ ਹਨ।
08. ਭੇਦ ਦੀ ਗੱਲ ਨੂੰ 'ਰਮਜ' ਕਿਹਾ ਜਾਦਾ ਹੈ।



09. 'ਖੋਲੀਆਂ' ਮੱਝਾਂ ਨੂੰ ਕਿਹਾ ਜਾਂਦਾ ਹੈ।
10. ਕਈ ਵਾਰ ਦਾਲ ਵਿੱਚ ਇੱਕ ਬਰੀਕ ਜਿਹਾ ਕਰੜਾ ਕੰਕਰ ਆ ਜਾਂਦਾ ਹੈ ਜਿਸ ਨੂੰ 'ਕੋਕੜੂ' ਕਹਿੰਦੇ ਹਨ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988




ਚਾਰੇ ਪਾਸੇ ਮਹਿਕਾਂ ਖਿਲਾਰਦਾ.... ਮੇਰਾ ਮੋਗਾ ਵਈ, ਮੇਰਾ ਮੋਗਾ ਲਿਸ਼ਕਾਂ ਮਾਰਦਾ।
ਸੁੱਖ ਰੱਖੀ ਮੇਰੇ ਪੰਜਾਬ ਨੂੰ ਸੁੱਖ ਰੱਖੀ ਮਾਲਕਾ... ਮਾਂ ਤੂੰ ਰੱਬ ਦਾ ਰੂਪ ਏ, ਰੱਬ ਤੇਰੇ ਵਿੱਚ ਵਸਦਾ।
ਲੋਕ ਚੇਤਨਾ ਕੇਂਦਰ
ਪ੍ਰੋ: ਗੀਤਕਾਰ ਜਗਤਾਰ ਸਿੰਘ ਪਰਮਿਲ
(ਮੈਰਿਜ ਸਲਾਹਕਾਰ) ਰਜਿ: ਨੰ. 8/40/179/7015
ਪਿੰਡ ਨਾਹਲ ਖੋਟੇ (ਡਾਕ ਤਾਰੇਵਾਲਾ) ਜਿਲ੍ਹਾ ਮੋਗਾ-142 001
Mob. 98556-88072, 88728-09846

24 ਮਈ ਮਹਾਰਾਣੀ ਵਿਕਟੋਰੀਆ ਦੇ ਜਨਮ ਦਿਨ 'ਤੇ ਵਿਸ਼ੇਸ਼

# ਪਤਨੀ, ਮਾਂ ਅਤੇ ਰਾਣੀ - ਤਿੰਨੋਂ ਰੂਪਾਂ ਵਿੱਚ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਵਾਲੀ - ਮਹਾਰਾਣੀ ਅਲੈਗਜ਼ੈਂਡਰੀਨਾ ਵਿਕਟੋਰੀਆ



ਜੇਕਰ ਇਤਿਹਾਸ ਦੇ ਪੰਨੇ ਫਰੋਲੀਏ ਤਾਂ ਇਹ ਸਾਡੇ ਸਿੱਖ ਗੁਰੂਆਂ ਦੀਆਂ ਜੀਵਨੀਆਂ, ਸ਼ਹਾਦਤਾਂ, ਇਤਿਹਾਸਿਕ ਘਟਨਾਵਾਂ, ਰਾਜਿਆ ਮਹਾਰਾਜਿਆਂ ਨਾਲ ਭਰਪੂਰ ਹੈ। ਅੱਜ ਉਹਨਾਂ ਪੰਨਿਆਂ ਵਿੱਚੋ ਹੀ ਅੱਜ ਗੱਲ ਕਰਦੇ ਹਾਂ ਮਹਾਰਾਣੀ ਵਿਕਟੋਰੀਆ ਦੀ। ਮਹਾਰਾਣੀ ਵਿਕਟੋਰੀਆ ਦਾ ਜਨਮ 24 ਮਈ 1819 ਵਿੱਚ ਹੋਇਆ ਸੀ। ਉਹ ਅੱਠ ਮਹੀਨਿਆਂ ਦੀ ਸੀ ਜਦੋਂ ਉਸਦੇ ਪਿਤਾ ਦੀ ਮੌਤ ਹੋ ਗਈ। ਵਿਕਟੋਰੀਆ ਦੇ ਮਾਮੇ ਨੇ ਉਸ ਦੀ ਸਿੱਖਿਆ ਅਤੇ ਦੀਖਿਆ ਨੂੰ ਬਹੁਤ ਹੁਨਰ ਨਾਲ ਸੰਭਾਲਿਆ। ਉਹ ਆਪ ਬਹੁਤ ਯੋਗ ਅਤੇ ਤਜ਼ਰਬੇਕਾਰ ਵਿਅਕਤੀ ਸਨ। ਇਸ ਦੇ ਨਾਲ ਹੀ ਉਹ ਪੁਰਾਣੀ ਸਭਿਅਤਾ ਪ੍ਰਤੀ ਪੱਖਪਾਤੀ ਸਨ। ਵਿਕਟੋਰੀਆ ਨੂੰ ਕਿਸੇ ਵੀ ਆਦਮੀ ਨੂੰ ਇਕੱਲੇ ਮਿਲਣ ਦੀ ਇਜਾਜ਼ਤ ਨਹੀਂ ਸੀ। ਵੱਡੇ ਨੌਕਰ ਵੀ ਉਸ ਕੋਲ ਨਹੀਂ ਆ ਸਕਦੇ ਸਨ। ਜਿੰਨਾਂ ਚਿਰ ਉਹ ਅਧਿਆਪਕਾਂ ਨਾਲ ਪੜ੍ਹਦੀ ਸੀ, ਉਸ ਦੀ ਮਾਂ ਜਾਂ ਵਿਕਟੋਰੀਆ ਅਠਾਰਾਂ ਸਾਲ ਦੀ ਉਮਰ ਵਿਚ ਗੱਦੀ 'ਤੇ ਬੈਠੀ। ਮਹਾਰਾਣੀ ਵਿਕਟੋਰੀਆ ਦਾ 63 ਸਾਲ ਅਤੇ ਸੱਤ ਮਹੀਨਿਆਂ ਦਾ ਲੰਬਾ ਰਾਜ ਹੈ। 20 ਜੂਨ 1837 ਤੋਂ 1901 ਵਿੱਚ ਆਪਣੀ ਮੌਤ ਤੱਕ ਯੂਨਾਈਟਿਡ ਕਿੰਗਡਮ ਆਫ ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦੀ ਮਹਾਰਾਣੀ ਸੀ। ਵਿਕਟੋਰੀਆ ਆਪ ਲਿਖਦੀ ਹੈ ਕਿ ਹਰ ਰੋਜ ਮੰਤਰੀਆਂ ਦੀਆਂ ਇਨੀਆਂ ਰਿਪੋਰਟਾਂ ਆਉਂਦੀਆਂ ਹਨ ਅਤੇ ਇੰਨੇ ਕਾਗਜ਼ਾਂ 'ਤੇ ਦਸਤਖਤ ਕਰਨੇ ਪੈਂਦੇ ਹਨ ਕਿ ਮੈਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਉਸ ਸਮੇਂ ਯੂਨਾਈਟਿਡ ਕਿੰਗਡਮ ਦੇ ਅੰਦਰ ਉਦਯੋਗਿਕ, ਰਾਜਨੀਤਿਕ, ਵਿਗਿਆਨਕ ਅਤੇ ਫੌਜੀ ਤਬਦੀਲੀਆਂ ਦਾ ਦੌਰ ਸੀ ਅਤੇ ਬ੍ਰਿਟਿਸ਼ ਸਾਮਰਾਜ ਦੇ ਇੱਕ ਮਹਾਨ ਵਿਸਤਾਰ ਦੁਆਰਾ ਚਿੰਨ੍ਹਿਤ ਕੀਤਾ ਗਿਆ ਸੀ। 1876 ਵਿੱਚ, ਸੰਸਦ ਨੇ ਉਸਨੂੰ ਭਾਰਤ ਦੀ ਮਹਾਰਾਣੀ ਦਾ ਵਾਧੂ ਖਿਤਾਬ ਦਿੱਤਾ। ਵਿਕਟੋਰੀਆ ਦਾ ਚਿੰਨ੍ਹ ਵਿਕਟੋਰੀਆ ਪ੍ਰਿੰਸ ਐਡਵਰਡ, ਕੈਂਟ ਦੇ ਡਿਊਕ ਅਤੇ ਸਟ੍ਰੈਥਰਨ (ਕਿੰਗ ਜਾਰਜ ਦਾ ਚੌਥਾ ਪੁੱਤਰ) ਅਤੇ ਸੈਕਸੇ-ਕੋਬਰਗ-ਸਾਲਫੀਲਡ ਦੀ ਰਾਜਕੁਮਾਰੀ ਵਿਕਟੋਰੀਆ ਦੀ ਧੀ ਸੀ। ਵਿਕਟੋਰੀਆ ਕੰਮਾਂ ਵਿੱਚ ਉਹ ਆਪਣਾ ਇੱਕੋ-ਇੱਕ ਅਧਿਕਾਰ ਸਮਝਦੀ ਸੀ। ਉਨ੍ਹਾਂ ਵਿਚ ਉਸ ਨੇ ਮਾਮੇ-ਮਾਮੀ ਦਾ ਦਖਲ ਵੀ ਸਵੀਕਾਰ ਨਹੀਂ ਕੀਤਾ। ਪਤਨੀ, ਮਾਂ ਅਤੇ ਰਾਣੀ - ਤਿੰਨੋਂ ਰੂਪਾਂ ਵਿੱਚ ਉਸਨੇ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਈ। ਘਰ ਦੇ ਨੌਕਰਾਂ ਨਾਲ ਉਸਦਾ ਵਿਹਾਰ ਬਹੁਤ ਵਧੀਆ ਸੀ। 1820 ਵਿੱਚ ਡਿਊਕ ਅਤੇ ਉਸਦੇ ਪਿਤਾ ਦੋਵਾਂ ਦੀ ਮੌਤ ਤੋਂ ਬਾਅਦ, ਉਸਦੀ ਦੇਖਭਾਲ ਉਸਦੀ ਮਾਂ ਉਸਦੇ ਸਾਥੀ, ਜੌਨ ਕੋਨਰੋਏ ਦੁਆਰਾ ਕੀਤੀ ਗਈ ਸੀ। 20 ਜੂਨ 1837 ਨੂੰ ਇੰਗਲੈਂਡ ਦੀ ਰਾਣੀ ਬਣ ਗਈ ਸੀ। ਵਿਕਟੋਰੀਆ ਨੇ 1840 ਵਿੱਚ ਸੈਕਸੇ-ਕੋਬਰਗ ਅਤੇ ਗੋਥਾ ਦੇ ਆਪਣੇ ਚਚੇਰੇ ਭਰਾ ਪ੍ਰਿੰਸ ਅਲਬਰਟ ਨਾਲ ਵਿਆਹ ਕਰਵਾ ਲਿਆ। ਉਹਨਾਂ ਦੇ ਬੱਚਿਆਂ ਨੇ ਪੂਰੇ ਮਹਾਂਦੀਪ ਵਿੱਚ ਸ਼ਾਹੀ ਅਤੇ ਨੇਕ ਪਰਿਵਾਰਾਂ ਵਿੱਚ ਵਿਆਹ ਕਰਵਾ ਲਿਆ, ਵਿਕਟੋਰੀਆ ਨੂੰ ਯੂਰਪ ਦੀ ਰਾਇਲਟੀ ਬਣਾ ਦਿੱਤਾ। "ਯੂਰਪ ਦੀ ਦਾਦੀ" ਅਤੇ ਸੋਮੋਫਿਲਿਆ ਫੈਲਾਉਣ ਲਈ ਕਮਾਈ ਕੀਤੀ।

ਜਦੋਂ ਉਸਦਾ ਵਿਆਹ ਹੋਇਆ ਤਾਂ ਉਸ ਨੇ ਆਪਣੇ ਪਤੀ ਨੂੰ ਵੀ ਪ੍ਰਸ਼ਾਸਨ ਤੋਂ ਦੂਰ ਰੱਖਿਆ। ਪਰ ਹੌਲੀ-ਹੌਲੀ ਪਤੀ ਦੇ ਪਿਆਰ, ਵਿਦਵਤਾ ਅਤੇ ਚਾਲ ਆਦਿ ਗੁਣਾਂ ਨੇ ਉਸ ਨੂੰ ਆਪਣੇ ਵੱਸ ਵਿਚ ਕਰ ਲਿਆ। ਉਹ ਆਪਣੇ ਪਤੀ ਦੀ ਇੱਛਾ ਅਨੁਸਾਰ ਚੱਲਣ ਲੱਗੀ। ਜਨਤਕ ਤੌਰ 'ਤੇ, ਉਹ ਇੱਕ ਰਾਸ਼ਟਰੀ ਪ੍ਰਤੀਕ ਬਣ ਗਈ, ਜਿਸਦੀ ਵਿਅਕਤੀਗਤ ਨੈਤਿਕਤਾ ਦੇ ਸਖਤ ਮਾਪਦੰਡਾਂ ਨਾਲ ਪਛਾਣ ਕੀਤੀ ਗਈ। ਪਰ ਉਹ 43 ਸਾਲ ਦੀ ਉਮਰ ਵਿੱਚ ਵਿਧਵਾ ਹੋ ਗਈ। ਇਸ ਦੁੱਖ ਦੇ ਬਾਵਜੂਦ ਉਸ ਨੇ 39 ਸਾਲ ਬੜੀ ਇਮਾਨਦਾਰੀ ਅਤੇ ਇਨਸਾਫ ਨਾਲ ਰਾਜ ਕੀਤਾ। ਜੋ ਭਾਰ ਉਸ ਦੇ ਮੋਢਿਆਂ 'ਤੇ ਰੱਖਿਆ ਗਿਆ, ਉਸ ਨੇ ਆਪਣੀ ਤਾਕਤ ਅਤੇ ਯੋਗਤਾ ਅਨੁਸਾਰ ਅੰਤ ਤੱਕ ਉਸ ਨੂੰ ਚੁੱਕਿਆ। ਕਿਸੇ ਹੋਰ ਦੀ ਮਦਦ ਨੂੰ ਸਵੀਕਾਰ ਨਹੀਂ ਕੀਤਾ।

ਉਸ ਦੀ ਸਮਝ ਭਾਵੇਂ ਘੱਟ ਦੱਸੀ ਗਈ ਹੈ ਸੀ, ਪਰ ਚਰਿੱਤਰ ਦੀ ਤਾਕਤ ਬਹੁਤ ਉੱਚੀ ਸੀ। ਉਸ ਦੇ ਸਮੇਂ ਦੌਰਾਨ ਰੇਲ ਅਤੇ ਤਾਰ ਵਰਗੀਆਂ ਉਪਯੋਗੀ ਕਾਢਾਂ ਕੀਤੀਆਂ ਗਈਆਂ ਸਨ। ਮਹਾਰਾਣੀ ਵਿਕਟੋਰੀਆ ਦੀ ਮੌਤ 22 ਜਨਵਰੀ 1901 ਈ. ਨੂੰ ਹੋਈ।



ਗਗਨਦੀਪ ਕੌਰ
ਧਾਲੀਵਾਲ
ਅਸਿਸਟੈਂਟ ਪ੍ਰੋਫੈਸਰ

## ਤਸਵੀਰਾਂ ਬੋਲਦੀਆਂ




ਬਿਓਰੋ ਦੇ ਮੁੱਖ ਦਫਤਰ ਵਿਖੇ 'ਮਹਿਕ ਵਤਨ ਦੀ ਲਾਈਵ' ਮੈਗਜ਼ੀਨ ਲੋਕ ਅਰਪਣ ਕਰਦੇ ਹੋਏ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮੋਗਾ ਦੇ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ ਉਨ੍ਹਾਂ ਦੇ ਨਾਲ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਟਰੱਸਟੀ ਕੁਲਵਿੰਦਰ ਸਿੰਘ ਰਾਮੂੰਵਾਲਾ, ਐਨ.ਜੀ.ਓ. ਵਲੰਟੀਅਰ ਹਰਜਿੰਦਰ ਘੋਲੀਆਂ ਅਤੇ ਹੋਰ ਪਤਵੰਤੇ।
ਫੋਟੋ: ਏਕਮਜੋਤ ਸਿੰਘ ਪੁਰਬਾ



ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਸਲਾਨਾ ਬਰਸ਼ੀ ਤੇ ਲਗਾਏ ਗਏ ਖੂਨਦਾਨ ਕੈਂਪ ਮੌਕੇ ਸਮਾਜ ਸੇਵਾ ਸੋਸਾਇਟੀ ਮੋਗਾ ਦੇ ਪ੍ਰਧਾਨ ਸ. ਗੁਰਸੇਵਕ ਸਿੰਘ ਸੰਨਿਆਸੀ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਲੋਹਾਰਾ, ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦੇ ਪ੍ਰਧਾਨ ਸ. ਹਰਭਿੰਦਰ ਸਿੰਘ ਜਾਨੀਆ ਅਤੇ ਹੋਰ ਸੇਵਾਦਾਰ।
ਫੋਟੋ: ਉਮੰਗਦੀਪ ਕੌਰ ਪੁਰਬਾ




ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਸਲਾਨਾ ਬਰਸ਼ੀ ਮੌਕੇ ਵਿਸ਼ੇਸ਼ ਸੇਵਾਵਾ ਨਿਭਾਉਣ ਤੇ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦੇ ਜਿਲ੍ਹਾ ਪ੍ਰਧਾਨ ਸ. ਹਰਭਿੰਦਰ ਸਿੰਘ ਜਾਨੀਆ ਅਤੇ ਜੱਥੇਦਾਰ ਰਾਮ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਲੋਹਾਰਾ, ਮਹਿਕ ਵਤਨ ਦੀ ਲਾਈਵ ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਅਤੇ ਬਖਤੌਰ ਸਿੰਘ ਗਿੱਲ।
ਫੋਟੋ: ਉਮੰਗਦੀਪ ਕੌਰ ਪੁਰਬਾ



'ਮਹਿਕ ਵਤਨ ਦੀ ਫਾਊਡੇਸ਼ਨ ਸੋਸਾਇਟੀ (ਰਜਿ:) ਮੋਗਾ ਵੱਲੋਂ ਵੱਖ-ਵੱਖ ਸੰਸਥਾਵਾ ਨਾਲ ਕੀਤੀ ਗਈ ਇੱਕ ਜਰੂਰੀ ਮੀਟਿੰਗ ਸਮੇਂ ਫਾਊਡੇਸ਼ਨ ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ ਬਿਓਰੋ), ਫਾਊਡੇਸ਼ਨ ਦੇ ਪ੍ਰਧਾਨ ਬਾਬਾ ਜਸਵੀਰ ਸਿੰਘ ਜੀ ਲੋਹਾਰਾ (ਮੁੱਖ ਸੇਵਾਦਾਰ: ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ), ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮੋਗਾ ਦੇ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ, ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦੇ ਜਿਲ੍ਹਾ ਪ੍ਰਧਾਨ ਸ. ਹਰਭਿੰਦਰ ਸਿੰਘ ਜਾਨੀਆ, ਸਮਾਜ ਸੇਵਾ ਸੋਸਾਇਟੀ ਮੋਗਾ ਦੇ ਪ੍ਰਧਾਨ ਸ. ਗੁਰਸੇਵਕ ਸਿੰਘ ਸੰਨਿਆਸੀ, ਸ. ਗੁਰਮੇਲ ਸਿੰਘ ਪੁਰਬਾ (ਰਿਟਾ. ਏ.ਏ.ਓ.: ਯੂਨਾਇਡ ਇੰਡੀਆ.) ਅਤੇ ਮਨਮੋਹਨ ਸਿੰਘ ਚੀਮਾ।
ਫੋਟੋ : ਸਹਿਜ ਮਾਣੇਵਾਲਾ







ਪਿਆਰੇ ਬੱਚਿਓ! ਉਪਰ ਤਸਵੀਰ ਵਿੱਚ ਦਿੱਤੇ 01 ਤੋਂ ਲੈ ਕੇ 17 ਤੱਕ ਦੇ ਬਿੰਦੂ (ਡੋਟ) ਮਿਲਾਓ ਤੇ ਵੇਖੋ ਕੀ ਬਣਦਾ ਹੈ ?

## ਰਸਤਾ ਲੱਭੋ

-ਭਾਗਵੰਤੀ ਪੁਰਬਾ
1195, ਅਜੀਤ ਨਗਰ ਮੋਗਾ
E-Mail: bhagwanti.purba@gmail.com




ਪਿਆਰੇ ਬੱਚਿਓ ! ਨਿੱਕੀ ਬਿੱਲੀ ਪਾਇਪਾਂ ਵਿੱਚ ਉਲਝ ਗਈ ਹੈ। ਉਸ ਨੇ ਆਪਣੀ ਝੋਪੜੀ ਵਿੱਚ ਜਾਣਾ ਹੈ। ਕੀ ਤੁਸੀਂ ਨਿੱਕੀ ਬਿੱਲੀ ਨੂੰ ਉਸ ਦੀ ਝੋਪੜੀ ਵਿੱਚ ਪਹੁੰਚਣ ਦਾ ਰਸਤਾ ਦੱਸ ਸਕਦੇ ਹੋ ?




ਪਿਆਰੇ ਬੱਚਿਓ!

ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ '1' ਤੋਂ ਤੱਕ '15' ਦੇ ਅੰਕਾਂ ਵਿਚੋਂ ਕਿਹੜਾ ਅੰਕ ਨਹੀਂ ਹੈ।

ਪੇਸ਼ਕਸ਼: ਭਾਗਵੰਤੀ ਪੁਰਬਾ
E-Mail: bhagwanti.purba@gmail.com




ਪਿਆਰੇ ਬੱਚਿਓ!

ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ A ਤੋਂ Z ਤੱਕ ਦੇ ਅੱਖਰਾ ਵਿਚੋਂ ਕਿਹੜਾ ਅੱਖਰ ਦੋ ਵਾਰ ਲਿਖਿਆ ਹੈ।

ਪੇਸ਼ਕਸ਼: ਭਾਗਵੰਤੀ ਪੁਰਬਾ
E-Mail: bhagwanti.purba@gmail.com

# "ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਸਿਹਤ ਜ਼ਰੂਰੀ ਹੈ"

ਪਿਆਰੇ ਬੱਚਿਓ ਸਾਡਾ ਜੀਵਨ ਪ੍ਰਮਾਤਮਾ ਦੀ ਅਨਮੋਲ ਦੇਣ ਹੈ। ਇਸ ਜੀਵਨ ਨੂੰ ਇਸ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਸਾਡਾ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ। ਕਹਿੰਦੇ ਹਨ ਕਿਸੇ ਮਕਾਨ ਦੀ ਨਿਉਂ ਜੇਕਰ ਮਜ਼ਬੂਤ ਹੈ ਤਾਂ ਉਸ ਉਪਰ ਜਿਸ ਤਰ੍ਹਾਂ ਦੀ ਮਰਜ਼ੀ ਉਸਾਰੀ ਕਰ ਲਓ। ਮੇਰਾ ਕਹਿਣ ਤੋਂ ਭਾਵ ਜੇਕਰ ਤੁਸੀਂ ਬਚਪਨ ਤੋਂ ਹੀ ਆਪਣੇ ਸਰੀਰ ਦਾ ਧਿਆਨ ਰੱਖੋਗੇ ਤਾਂ ਅੱਗੇ ਵਾਲੀ ਜ਼ਿੰਦਗੀ ਵਿਚ ਤੁਹਾਡਾ ਸਰੀਰ ਤੁਹਾਨੂੰ ਹਰ ਇਮਿਹਾਨ ਵਿਚੋਂ ਪਾਸ ਕਰਵਾਏਗਾ।

ਅੱਜ ਦੇ ਇਸ ਮੁਕਾਬਲੇ ਦੇ ਯੁੱਗ ਵਿਚ ਆਪਣੀ ਮੰਜ਼ਿਲ ਨੂੰ ਪਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ ਬੜੇ ਮੁਸ਼ਕਿਲ ਹਾਲਾਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜੇਕਰ ਆਪਣੀ ਸਿਹਤ ਤੰਦਰੁਸਤ ਨਹੀਂ ਤਾਂ ਆਪਾਂ ਮੰਜ਼ਲਾਂ ਪਾਉਣਾ ਤਾਂ ਦੂਰ ਦੀ ਗੱਲ ਇਸ ਮੁਕਾਬਲੇ ਦੀ ਰੇਸ ਵਿਚੋਂ ਹੀ ਬਾਹਰ ਹੋ ਜਾਵਾਂਗੇ। ਇਸ ਸਰੀਰ ਨੂੰ ਚੰਗੀਆਂ ਖੁਰਾਕਾਂ ਅਤੇ ਕਸਰਤਾਂ ਨਾਲ ਤੰਦਰੁਸਤ ਰੱਖਿਆ ਜਾ ਸਕਦਾ ਹੈ। ਆਪਣੇ ਸਰੀਰ ਦੇ ਕਿਸੇ ਅੰਗ ਵਿਚ ਨੁਕਸ ਪੈਣਾ ਮਤਲਬ ਆਪਣੀ ਮੰਜ਼ਿਲ ਤੋਂ ਦੂਰ ਹੋਣਾ ਹੈ। ਸਰੀਰ ਦੇ ਕਿਸੇ ਵੀ ਅੰਗ ਨਾਲ ਲਾਪ੍ਰਵਾਹੀ ਨਾ ਵਰਤੋ। ਜਿਵੇਂ ਪੜ੍ਹਦੇ ਸਮੇਂ ਕਿਤਾਬ ਦੀ ਅੱਖਾਂ ਤੋਂ ਠੀਕ ਢੰਗ ਦੀ ਦੂਰੀ ਬਣਾਈ ਰੱਖੋ ਕਦੇ ਵੀ ਲੇਟ ਕੇ ਨਾ ਪੜ੍ਹੋ। ਪੜ੍ਹਦੇ ਸਮੇਂ ਬੋਰਡ ਤੋਂ ਅੱਖਰ ਨਜ਼ਰ ਨਹੀਂ ਆਉਂਦੇ ਜਾਂ ਧੁੰਦਲ ਨਜ਼ਰਾਂ ਆਉਂਦਾ ਹੈ ਤਾਂ ਤੁਰੰਤ ਆਪਣੇ ਮਾਤਾ ਪਿਤਾ ਨੂੰ ਦੱਸੋ। "ਅੱਖਾਂ ਗਈਆਂ ਜਹਾਨ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"।

ਕੋਈ ਚੀਜ਼ ਖਾਣ ਤੋਂ ਬਾਅਦ ਤੁਰੰਤ ਕੁਰਲੀ ਕਰੋ। ਸਵੇਰੇ-ਸ਼ਾਮ ਦੰਦਾਂ ਨੂੰ ਬੁਰਸ਼ ਨਾਲ ਸਾਫ਼ ਕਰੋ ਚਿੱਟੇ ਦੰਦ ਜਿੱਥੇ ਸੁੰਦਰਤਾ ਦੀ ਨਿਸ਼ਾਨੀ ਹਨ ਉਥੇ ਸਾਰੀ ਉਮਰ ਮਜੇਦਾਰ ਭੋਜਨ ਦੇ ਸਵਾਦ ਲੈਣ ਲਈ ਵੀ ਬਹੁਤ ਜ਼ਰੂਰੀ ਹਨ। "ਦੰਦ ਗਏ ਤਾਂ ਸਵਾਦ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਕੰਨਾਂ ਵਿਚ ਕਦੇ ਵੀ ਡੱਕਾ ਜਾਂ ਕੋਈ ਤਿੱਖੀ ਚੀਜ਼ ਨਾ ਮਾਰੋ ਕੰਨ ਵਿਚ ਖੁਜਲੀ ਹੁੰਦੀ ਹੈ ਤਾਂ ਮਾਤਾ ਪਿਤਾ ਨੂੰ ਦੱਸ ਕੇ ਡਾਕਟਰ ਅੰਕਲ ਦੀ ਸਲਾਹ ਲਓ। "ਕੰਨ ਗਏ ਤਾਂ ਰਾਗ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਸਾਰੀਆਂ ਗੱਲਾਂ ਤੋਂ ਜ਼ਰੂਰੀ ਗੱਲ ਕਦੇ ਵੀ ਬਜ਼ਾਰ ਦੀਆਂ ਤਲੀਆਂ ਚੀਜ਼ਾਂ ਖਾਣ ਦੀ ਜ਼ਿੱਦ ਨਾ ਕਰੋ। ਇਹਨਾਂ ਦਾ ਆਪਣੇ ਸਰੀਰ ਉਪਰ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਸੋ ਬੱਚਿਓ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਪਰ ਬਹੁਤ ਲਾਹੇਵੰਦ ਗੱਲਾਂ ਦਾ ਧਿਆਨ ਰੱਖ ਕੇ ਸਰੀਰ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ। "ਚੰਗੀ ਸਿਹਤ ਸਫਲਤਾ ਦੀ ਕੁੰਜੀ ਹੈ।"

- ਪ੍ਰਦੀਪ ਕੁਮਾਰ ਮੀਨੀਆਂ

# ਖੇਡਾਂ ਆਪਸੀ ਪਿਆਰ ਮੇਲ ਮਿਲਾਪ ਖਿਲਾਰ ਸਕਦੀਆਂ ਨੇ



ਜੀਵਨ ਵੀ ਇੱਕ ਖੇਡ ਹੀ ਹੈ ਖੇਡਾਂ ਦਾ ਹਰ ਉਮਰ, ਵਰਗ ਨਾਲ ਡੂੰਘਾ ਸੰਬੰਧ ਹੈ। ਮੁੰਡਿਆਂ ਕੁੜੀਆਂ ਦਾ ਬਾਲਪਣ ਖੇਡਾਂ ਵਿੱਚ ਵੱਡਾ ਹੁੰਦਾ ਹੈ। ਖੇਡਾਂ ਲਈ ਜੁਆਨੀ ਨੇੜਿਓਂ ਹੋ ਕੇ ਮਿਲਦੀ ਹੈ। ਖੇਡਾਂ ਸਰੀਰਕ ਅਭਿਆਸ ਤੋਂ ਛੁੱਟ ਜੁਆਨ ਕੁੜੀਆਂ ਲਈ ਮਨੋਭਾਵ ਪ੍ਰਗਟ ਕਰਨ ਦਾ ਵੀ ਢੁਕਵਾਂ ਰਾਹ ਹਨ। ਸਰੀਰਕ ਬਲ ਵਧਾਉਣ ਅਤੇ ਸੁਡੌਲਤਾ ਬਣਾਈ ਰੱਖਣ ਲਈ ਗੱਭਰੂ ਬਾਹਰੀ ਖੇਡਾਂ ਖੇਡਦੇ ਹਨ। ਵਿਹਲ ਦਾ ਸਮਾਂ ਬਿਤਾਉਣ ਲਈ ਬਿਰਧ ਵੀ ਢੁਕਵੀਆਂ ਖੇਡਾਂ ਨਾਲ ਮਨੋਰੰਜਕ ਰਹਿੰਦੇ ਹਨ। ਮਾਨਸਿਕ, ਸਰੀਰਕ ਵਿਕਾਸ ਤੇ ਸ਼ਕਤੀ ਦਾ ਨਿਸਤਾਰ, ਸਰੀਰਕ ਸ਼ਕਤੀ ਦੀ ਕਮੀ ਨੂੰ ਭਰਨ ਲਈ ਖੇਡਾਂ ਵਧੀਆ ਸੋਧ ਹੈ।

ਲੋਕ-ਖੇਡਾਂ ਵਿੱਚ ਠੀਕਰਾਂ, ਟਾਹਣਾਂ, ਕੌਡੀਆਂ, ਲੱਕੜੀ, ਕੋਲਾ, ਡੰਡਾ, ਇੱਟਾਂ ਦੇ ਰੋੜੇ, ਗੀਟੇ, ਗੀਟੀਆਂ, ਗੁੱਲੀ, ਖੂੰਡੀਆਂ, ਲੀਰਾਂ ਦਾ ਖਿੱਦੋ ਅਤੇ ਰੱਸੀਆਂ, ਰੱਸੇ ਹੁੰਦੇ ਹਨ। ਸਰੀਰਕ ਹਰਕਤਾਂ, ਭੱਜ-ਦੌੜ, ਉੱਛਲ-ਕੁੱਦ ਵਧੇਰੇ ਖੇਡਾਂ ਵਿੱਚ ਹੁੰਦੇ ਹਨ। ਘਰਾਂ ਦੇ ਕੱਚੇ ਵਿਹੜੇ, ਲੰਮੀਆਂ ਗਲੀਆਂ, ਹਵੇਲੀਆਂ, ਚੁਰੱਸਤੇ, ਬਾਹਰਵਾਰ ਥਾਂਵਾਂ ਅਤੇ ਖੁੱਲ੍ਹੇ ਖੇਤ ਖੇਡ ਦੇ ਮੈਦਾਨ ਬਣਦੇ ਹਨ। 'ਛੂਹਣ, ਛਪਾਈ' ਅਤੇ 'ਲੁਕਣ ਮਚਾਈ' ਪੰਜਾਬ ਦੀਆਂ ਲੋਕ-ਖੇਡਾਂ ਹਨ। ਕ੍ਰਿਕਟ, ਹਾਕੀ, ਟੇਬਲ ਟੈਨਿਸ, ਬਾਸਕਟਬਾਲ, ਬੈਡਮਿੰਟਨ ਅਤੇ ਵਾਲੀਬਾਲ ਭਾਰਤ ਦੀਆਂ ਪ੍ਰਸਿੱਧ ਖੇਡਾਂ ਹਨ। ਕੁੜੀਆਂ ਦੇ ਖੇਡ-ਕਾਰਜ 'ਗੁੱਡੀਆਂ ਪਟੋਲੇ' ਤੋਂ ਛੁੱਟ ਸਾਰੀਆਂ ਖੇਡਾਂ ਘਰ ਤੋਂ ਬਾਹਰ ਖੁਲੀਆਂ ਥਾਂਵਾਂ ਤੇ ਖੇਡੀਆਂ ਜਾਂਦੀਆਂ ਹਨ। ਸ਼ਤਰੰਜ, ਚੋਪੜ, ਤਾਸ਼, ਬਾਰਾਂ ਟਹਿਣੇ ਅਤੇ ਘਰੋਂ ਬਾਹਰ ਸੱਥ ਵਿੱਚ ਜਾਂ ਰੁੱਖਾਂ-ਬਰਖਾਂ ਦੇ ਹੇਠਾਂ ਬੈਠ ਕੇ ਖੇਡੀਆਂ ਜਾਂਦੀਆਂ ਹਨ। 'ਕੁਸ਼ਤੀ', 'ਕਬੱਡੀ', 'ਮੁਗਲੀਆ ਫੇਰਨੀਆਂ', 'ਬੋਰੀ ਜਾਂ ਮੁਗਦਰ ਚੁੱਕਣੇ', ਅਤੇ ਛਾਲਾਂ ਪੰਜਾਬ ਦੀਆਂ ਪ੍ਰਮੁੱਖ ਸਰੀਰਕ ਖੇਡਾਂ ਹਨ। 'ਰੱਸੀ ਟੱਪਣਾ' ਅਤੇ 'ਅੱਡੀ ਛੜੱਪਾ' ਕੁੜੀਆਂ ਨੇ ਖੇਡਾਂ ਸਿਰਜੀਆਂ ਹਨ। ਗੋਲੀਆਂ, ਕੌਡੀਆਂ, ਬੰਟਿਆਂ, ਗੁੱਲੀ ਡੰਡਾ, ਖਿੱਦੋ ਖੂੰਡੀ, ਖੁੱਤੀਆਂ, ਪਿੱਠੂ, ਵਿੱਚ ਨਿਸ਼ਾਨਾ ਬੰਨਣ ਦਾ ਅਭਿਆਸ ਹੁੰਦਾ ਹੈ। 'ਅੱਡੀ ਟੱਪਾ', ਸ਼ਟਾਪੂ , ਟਾਪੂ, ਸਮੁੰਦਰ ਪੱਟੜਾ, ਪੀਚੋ ਬੱਕਰੀ ਅਤੇ ਸਮੁੰਦਰ ਕੁੜੀਆਂ ਦੀ ਖੇਡ ਹੈ। ਕੋਟਲਾ ਛਪਾਕੀ, ਸਮੁੰਦਰ ਮੱਛੀ, ਊਚ ਨੀਚ, ਘਰ ਮਲਣ, ਰੰਗ ਮਲਣ, ਮਾਈ ਮਾਈ ਕੀ ਲੱਭਦੀ, ਭੰਡਾ ਭੰਡਾਰੀਆ, ਆਈ ਜੇ ਆ ਜਾ, ਪੂਛ ਪੂਛ, ਖਾਨ ਘੋੜੀ, ਲੱਕੜ ਕਾਠ, ਅੰਨਾ ਸੋਟਾ, ਲੰਗੜਾ ਸ਼ੇਰ ਸਰੀਰਕ ਖੇਡਾਂ ਹਨ।

ਬੜੇ ਚਾਅ ਤੇ ਸ਼ਰਧਾ ਨਾਲ ਲੋਕ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵੇਖਣ ਜਾਂਦੇ ਹਨ। ਹਾਕੀ ਮੇਲੇ ਵਿੱਚ ਭਾਰਤੀ ਹਾਕੀ ਦੇ ਜਾਦੂਗਰ ਧਿਆਨ ਚੰਦ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਸੁਰਜੀਤ ਸਿੰਘ ਤੇ ਪ੍ਰਗਟ ਸਿੰਘ ਓਲੰਪੀਅਨ ਸਮੇਤ ਖੇਡ ਚੁੱਕੇ ਹਨ ਤੇ ਹਰ ਸਾਲ ਹਾਕੀ ਓਲੰਪੀਅਨ ਇੱਥੇ ਖੇਡਦੇ ਹਨ।

ਕਿਲ੍ਹਾ ਰਾਏਪੁਰ ਦੇ ਖੇਡ ਮੇਲੇ ਵਿੱਚ ਹਾਕੀ ਤੇ ਖੱਚਰ ਰੇਹੜਾ ਦੌੜ, ਸੁਹਾਗਾ ਦੌੜ, ਘੋੜੀ-ਘੋੜਿਆਂ ਦੀ ਦੌੜ, ਕੁੱਤੇ-ਕੁੱਤੀਆਂ ਦੀ ਦੌੜ, ਕੁੱਕੜਾਂ ਦੀ ਲੜਾਈ, ਭੇਡੂਆਂ ਦੀ ਲੜਾਈ ਤੇ ਕਬੂਤਰ ਉਡਾਉਣ ਤੋਂ ਇਲਾਵਾ ਸਾਹਨਾ ਦੇ ਭੇੜ ਵੀ ਕਰਵਾਏ ਜਾਂਦੇ ਹਨ। ਬਾਜ਼ੀਗਰਾਂ ਦੀਆਂ ਬਾਜ਼ੀਆਂ, ਘੰਡੀ 'ਤੇ ਰੱਖ ਕੇ ਸਰੀਆ ਵਿੰਗਾ ਕਰਨਾ, ਛਾਤੀ 'ਤੇ ਪੱਥਰ ਰੱਖ ਕੇ ਤੋੜਨਾ, ਹਿੱਕ ਤੋਂ ਟਰੈਕਟਰ ਲੰਘਾਉਣਾ, ਇੱਕ ਕੜੇ 'ਚੋਂ ਚਾਰ ਜਣਿਆਂ ਦਾ ਲੰਘਣਾ ਵੇਖ ਕੇ ਦਰਸ਼ਕ ਦੰਗ ਰਹਿ ਜਾਂਦੇ ਹਨ। ਆਧੁਨਿਕ ਮੋਟਰਸਾਈਕਲ ਕਰਤੱਬ, ਬੱਚਿਆਂ ਦੇ ਕਰਤੱਬ, ਨਿਹੰਗ ਸਿੰਘਾਂ ਦੀ ਨੇਜ਼ਾਬਾਜ਼ੀ, ਗੱਤਕਾਬਾਜ਼ੀ ਤੇ ਘੋੜ ਸਵਾਰੀ, ਵਾਲਾਂ ਨਾਲ ਕਾਰ ਖਿੱਚਣੀ, ਵਾਲਾਂ ਨਾਲ ਭਾਰ ਚੁੱਕਣਾ, ਰੱਸਾਕਸ਼ੀ, ਗੁੱਟ ਛਡਾਉਣੇ, ਡੰਡ ਬੈਠਕਾਂ, ਜਾਦੂਗਰਾਂ ਦੀ ਹੱਥ ਸਫ਼ਾਈ ਤੇ ਸਾਈਕਲਾਂ ਉੱਤੇ ਪੁੱਠੇ ਸਿੱਧੇ ਕਰਤੱਬ ਕਮਾਲ ਕਰਕੇ ਦਰਸ਼ਕਾਂ ਦਾ ਮਨ ਮੋਹ ਲੈਂਦੇ ਹਨ।

ਬਾਬਿਆਂ ਦੇ ਕੁਸ਼ਤੀ ਮੁਕਾਬਲੇ ਤੇ ਭਾਰ ਚੁੱਕਣੇ, ਹੱਥ ਗੋਲਾ ਸੁੱਟਣਾ ਤੇ ਨਿਸ਼ਾਨੇਬਾਜ਼ੀ ਲਈ ਬੰਦੂਕਾਂ, ਪਿਸਤੌਲਾਂ ਦੇ ਫਾਇਰ ਓਲੰਪਿਕ ਦੀ ਯਾਦ ਕਰਵਾਉਂਦੇ ਹਨ। ਕੁੜੀਆਂ ਦੀ ਹਾਕੀ, ਕਬੱਡੀ, ਵਾਲੀਬਾਲ, ਬਾਸਕਟਬਾਲ, ਅਥਲੈਟਿਕਸ ਮੁਕਾਬਲੇ, ਬੱਚਿਆਂ ਦੀਆਂ ਖੇਡਾਂ ਅਤੇ ਹੋਰ ਅਨੇਕਾਂ ਸ਼ੌਕ ਪਾਲਣ ਵਾਲੇ ਅੰਗਹੀਣ ਕਿਲ੍ਹਾ ਰਾਏਪੁਰ ਪੁੱਜ ਕੇ ਆਪਣੀਆਂ ਖੇਡਾਂ ਦੇ ਜੌਹਰ ਵਿਖਾ ਕੇ ਦਰਸ਼ਕਾਂ ਤੇ ਪ੍ਰਬੰਧਕਾਂ ਤੋਂ ਨਾਂ ਤੇ ਨਾਵਾਂ ਖੱਟਦੇ ਹਨ। ਕਿਲ੍ਹਾ ਰਾਏਪੁਰ ਦੇ ਤਿੰਨ ਰੋਜ਼ਾ ਖੇਡ ਮੇਲੇ ਦੀ ਹਰ ਸ਼ਾਮ ਰਾਤ ਨੂੰ ਪੰਜਾਬ ਦੇ ਲੋਕ ਗਾਇਕ ਪੰਜਾਬੀ ਗੀਤਾਂ, ਗ਼ਜ਼ਲਾਂ, ਨਾਟਕਾਂ ਤੇ ਕਵੀਸ਼ਰ-ਢਾਡੀ-ਰਾਗੀ ਸਰੋਤਿਆਂ ਨੂੰ ਮੰਤਰ-ਮੁਗਧ ਕਰਦੇ ਹਨ।

ਚਿਰ ਹੋਇਆ ਮੈਂ ਅਜੇਹੀਆਂ ਹੀ ਲੋਕ ਖੇਡਾਂ ਦਾ ਚਿੱਠਾ ਲਿਖ ਕੇ ਕਰਵਾਉਣ ਨੂੰ ਇਥੋਂ ਦੇ ਖੇਡ ਪ੍ਰਬੰਧਕਾਂ ਨੂੰ ਦਿੱਤਾ ਸੀ, ਕਿਸੇ ਨੇ ਗੌਲਿਆ ਹੀ ਨਹੀਂ। ਇੱਕ ਵਾਰ ਮਿਊਜ਼ਿਕ ਚੇਅਰ ਰੇਸ ਕਰਵਾਈ ਸੀ, ਕਈਆਂ ਨੇ ਸ਼ੁਰੂ ਕਰ ਲਈ। ਜੇ ਹੁਣ ਵੀ ਇਹ ਖੇਡ ਪ੍ਰਬੰਧਕ ਚਾਹੁਣ ਤਾਂ ਮੈਂ ਆਪਣਾ ਸਮਾਂ ਦੇ ਸਕਦਾ ਹਾਂ। ਸਾਰੇ ਵਰਗ ਦੇ ਦਰਸ਼ਕ ਜੇ ਖੇਡਾਂ 'ਚ ਸ਼ਾਮਿਲ ਹੋਣ ਤਾਂ ਰੰਗ ਵੱਖਰੇ ਹੀ ਹੋਣਗੇ ਤੇ ਸਾਰੇ ਘਰੋਂ ਘਰੀ ਖ਼ੁਸ਼ੀ ਵੀ ਲੈ ਕੇ ਜਾਣਗੇ। ਆਪਸੀ ਨਫ਼ਰਤ ਤਣਾਅ ਵੀ ਘਟੇਗਾ ਤੇ ਪਿਆਰ ਦਾ ਹਿੱਕਾਂ 'ਚ ਉੱਗਣਾਂ ਸੁਭਾਵਿਕ ਵੀ ਹੋ ਸਕਦਾ ਹੈ। ਮੇਰਾ ਤਾਂ ਦਿਲ ਕਰਦਾ ਹੈ ਕਿ ਦੁਨੀਆਂ 'ਚ ਸਾਰੇ ਬਦੇਸਾਂ 'ਚ ਇਹ ਲੋਕ ਖੇਡਾਂ ਘਰ ਕਰ ਜਾਣ। 'ਕੱਲੀ ਕਬੱਡੀ ਹੀ ਸਾਡੀ ਖੇਡ ਨਹੀਂ ਹੈ। ਇਸ ਰਾਹ ਤੇ ਟੁਰਨ ਨਾਲ ਗੁਰਦਵਾਰਿਆਂ 'ਚੋਂ ਲੜਾਈਆਂ ਜੰਗ ਵੀ ਕਿਤੇ ਅਲੋਪ ਹੋ ਜਾਣਗੇ। ਪਿਆਰ ਮੇਲ ਮਿਲਾਪ ਹਰ ਦਰ ਘਰ 'ਚ ਆ ਦਸਤਕ ਦੇਵੇਗਾ।

- ਡਾ. ਅਮਰਜੀਤ ਟਾਂਡਾ


PARADISE PALACE
HARDHIR SINGH M.D.
MANAGER CHET SINGH
ਸ. ਹਰਧੀਰ ਸਿੰਘ
ਧਾਲੀਵਾਲ (ਮਿੰਟੂ)
ਮਾਲਕ: ਪੈਰਾਡਾਈਜ਼ ਪੈਲੇਸ
ਨਿਹਾਲ ਸਿੰਘ ਵਾਲਾ
ਵਿਆਹ ਸ਼ਾਦੀ, ਪਾਰਟੀ ਅਤੇ ਹਰ ਖੁਸ਼ੀ ਦੇ ਮੌਕੇ ਤੇ ਸ਼ਾਨਦਾਰ ਪੈਲੇਸ
ਬੁੱਕ ਕਰਵਾਉਣ ਲਈ ਉੱਪਰ ਦਿੱਤੇ ਨੰਬਰਾਂ ਤੇ ਸੰਪਰਕ ਕਰੋ।
ADDRESS : BAGHA PURANA ROAD, NIHAL SINGH WALA


ਸਮੂੰਹ ਮਿਹਨਤਕਸ਼ ਦੇਸ਼ ਵਾਸੀਆਂ ਨੂੰ
'ਮਜਦੂਰ ਦਿਵਸ' ਦੀਆਂ ਮੁਬਾਰਕਾਂ ਹੋਣ ਜੀ।
ਸ. ਜਸਵੀਰ ਸਿੰਘ ਧਾਲੀਵਾਲ
ਐਡਮਿੰਟਨ (ਕੈਨੇਡਾ)
With Best Wishes From:
S. Jasvir Singh Dhaliwal
Edmonton (Canada)


ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਮਹਿਕ ਵਤਨ ਦੀ TV
Web
'Mehak Watan Di Live'
Chief Editor: Bhawandeep Singh Purba
ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ'
ਵੈਬ ਟੀ.ਵੀ. ਤੇ ਸਿੱਧਾ ਪ੍ਰਸਾਰਨ ਕਰਵਾਉਣ ਲਈ ਸੰਪਰਕ ਕਰੋ!
Help Line: 9988 92 9988
www.mehakwatandilive.com


'ਮਹਿਕ ਵਤਨ ਦੀ ਲਾਈਵ' ਰੋਜ਼ਾਨਾ ਆਨਲਾਈਨ
'ਮਹਿਕ ਵਤਨ ਦੀ ਲਾਈਵ'
ਰੋਜ਼ਾਨਾ ਆਨਲਾਈਨ ਅਖ਼ਬਾਰ ਦੇ ਹੋਏ
3,90,000
ਤੋਂ ਵੱਧ ਪਾਠਕ!
ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ
ਆਨਲਾਈਨ ਪੜ੍ਹਨ ਲਈ ਕਲਿਕ ਕਰੋ।
www.mehakwatandilive.com
Help Line: 9988 92 9988


ਵਧੀਆ ਕੁਆਲਟੀ ਵਿੱਚ ਫਲੈਕਸਾ, ਵਾਲਪੇਪਰ ਬਣਵਾਉਣ ਅਤੇ
ਫਲੈਕਸਾ ਤੇ ਵਾਲਪੇਪਰ ਲਗਵਾਉਣ ਲਈ
ਜੰਤਰੀਆਂ, ਕੈਲੰਡਰ,
ਮੈਗਜ਼ੀਨ, ਪੁਸਤਕਾਂ, ਡਾਇਰੀਆਂ
ਛਪਵਾਉਣ ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:
ਮਹਿਕ ਵਤਨ ਦੀ ਐਡਵੋਟਾਈਜ਼ਮੈਂਟ ਕੰਪਨੀ (ਰਜਿ:)
Help Line: 9988-92-9988
E-mail: mehakwattandi@rediffmail.com * www.mehakwatandilive.com



# ਅਲਵਿਦਾ ! ਕਮਲਜੀਤ ਸਿੰਘ ਪੁਰਬਾ

18 ਸਤੰਬਰ 1982 ਨੂੰ ਜਨਮ ਹੋਇਆ - 16 ਮਾਰਚ 2024 ਨੂੰ ਬੇ-ਵਕਤ ਸਾਨੂੰ ਸਦੀਵੀ ਵਿਛੋੜਾ ਦੇ ਗਿਆ!

**ਉਸ ਦੀਆਂ ਯਾਦਾ ਜੋ ਹਮੇਸ਼ਾ ਅੰਗ-ਸੰਗ ਰਹਿਣਗੀਆ।**



ਸਾਡੇ ਪਿੰਡ ਦੇ ਨੌਜਵਾਨ ਕਮਲਜੀਤ ਸਿੰਘ ਪੁਰਬਾ ਦੀ ਬੇ-ਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਮਹਾਰਾਜ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



## ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ

ਮੁੱਖ ਸੇਵਾਦਾਰ

ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਪਿੰਡ ਖੁਖਰਾਣਾ (ਮੋਗਾ)

ਸੰਪਰਕ : 98153-11318



ਕਮਲਜੀਤ ਭਰਾਵਾਂ ਆਖ਼ਰੀ ਸਾਹਾਂ ਤੱਕ ਯਾਦਾ ਵਿੱਚ ਰਹੇਗਾ। ਤੇਰੀ ਬੇ-ਵਕਤੀ ਮੌਤ ਸਾਨੂੰ ਅੰਦਰੋ ਤੋੜ ਗਈ ਹੈ। ਗੁਰੂ ਮਹਾਰਾਜ ਤੇਰੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ। ਭਾਣਾ ਮੰਨਣਾ ਕਹਿਣਾ ਸੌਖਾ ਹੁੰਦਾ ਹੈ, ਮੰਨਣਾ ਬਹੁਤ ਔਖਾ ਹੈ। ਸਾਰੇ ਭੈਣਾ ਭਰਾਵਾਂ, ਸੱਜਣਾ ਮਿੱਤਰਾਂ ਦਾ ਧੰਨਵਾਦ ਜਿਹੜੇ ਦੁੱਖ ਦੀ ਘੜੀ ਵਿੱਚ ਸਾਡੇ ਨਾਲ ਦੁੱਖ ਵੰਡਾਉਣ ਆਏ, ਸਾਡੇ ਦੁੱਖ ਵਿੱਚ ਸਰੀਕ ਹੋਏ।




## ਬਾਬਾ ਜਸਵੀਰ ਸਿੰਘ ਲੁਹਾਰਾ

ਮੁੱਖ ਸੇਵਾਦਾਰ

ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ, ਲੋਹਾਰਾ



ਸਾਡੇ ਬਾਈ ਭਵਨਦੀਪ ਸਿੰਘ ਦੇ ਛੋਟੇ ਵੀਰ ਕਮਲਜੀਤ ਜੋ ਬੀਤੇ ਮਹੀਨੇ ਸਾਨੂੰ ਬੇ-ਵਕਤ ਹੀ ਵਿਛੋੜਾ ਦੇ ਗਏ। ਉਨ੍ਹਾਂ ਦੀ ਬੇ-ਵਕਤੀ ਤੇ ਗਹਿਰਾ ਅਫਸੋਸ ਤੇ ਦੁੱਖ ਹੈ। ਪ੍ਰਮਾਤਮਾਂ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



## ਬਾਬਾ ਪਵਨਦੀਪ ਸਿੰਘ ਜੀ ਕੜਿਆਲ

ਮੁੱਖ ਸੇਵਾਦਾਰ

ਗੁਰਦੁਆਰਾ ਸੰਤ ਬਾਬਾ ਪਾਲਾ ਸਿੰਘ ਜੀ
ਪਿੰਡ ਕੜਿਆਲ (ਮੋਗਾ)



ਸਾਡੇ ਬਹੁਤ ਹੀ ਸਤਿਕਾਰ ਯੋਗ ਵੀਰ ਭਵਨਦੀਪ ਸਿੰਘ ਪੁਰਬਾ ਜੀ ਦੇ ਛੋਟੇ ਵੀਰ ਕਮਲਜੀਤ ਜੋ ਸਾਨੂੰ ਬੇ-ਵਕਤ ਹੀ ਵਿਛੋੜਾ ਦੇ ਗਏ। ਉਨ੍ਹਾਂ ਦੀ ਬੇ-ਵਕਤੀ ਤੇ ਗਹਿਰਾ ਅਫਸੋਸ ਤੇ ਦੁੱਖ ਹੈ। ਪ੍ਰਮਾਤਮਾਂ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



ਗਹਿਰੇ ਦੁੱਖ ਨਾਲ

ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆ ਦੇ ਪਰਮ ਸੇਵਕ

## ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ (ਮੋਗਾ)

ਮੋ. 99149-01113



ਵਿਦੇਸ਼ਾਂ ਦੀ ਧਰਤੀ ਤੇ ਬੈਠੇ ਨੂੰ ਮਨਹੂਸ਼ ਖਬਰ ਮਿਲੀ ਕਿ ਸਾਡਾ ਛੋਟਾ ਵੀਰ ਕਮਲਜੀਤ ਜੋ ਸਾਨੂੰ ਅਲਵਿਦਾ ਕਹਿ ਗਿਆ। ਇਹ ਦੁੱਖ ਸਹਾਰਨਾ ਮੇਰੇ ਲਈ ਬਹੁਤ ਹੀ ਔਖਾ ਸੀ। ਦਿਲ ਤਾਂ ਕਰਦਾ ਸੀ ਕਿ ਵੱਡੇ ਵੀਰ ਭਵਨਦੀਪ ਕੋਲ ਪਹੁੰਚ ਕੇ ਉਸ ਦਾ ਦੁੱਖ ਵੰਡਾਵਾ। ਪਰ ਪ੍ਰਦੇਸ਼ਾ ਦੇ ਮਾਮਲੇ, ਆ ਵੀ ਨਹੀਂ ਸੀ ਸਕਦਾ। ਕਮਲਜੀਤ ਦੇ ਬੇ-ਵਕਤ ਵਿਛੋੜਾ ਤੇ ਗਹਿਰਾ ਦੁੱਖ ਹੈ। ਪ੍ਰਮਾਤਮਾਂ ਉਸ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਸਾਰੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਹਮੇਸ਼ਾ ਤੇਰੀ ਯਾਦ ਸਤਾਉਗੀ ਕਮਲ ਵੀਰ।



## ਇਕਬਾਲ ਸਿੰਘ ਖੋਸਾ (ਕੈਨੇਡਾ)

ਸਹਿ ਸੰਪਾਦਕ : ਮਹਿਕ ਵਤਨ ਦੀ ਲਾਈਵ ਬਿਓਰ



ਸਾਡੇ ਛੋਟੇ ਵੀਰ ਕਮਲਜੀਤ ਜੋ ਸਾਨੂੰ ਬੇ-ਵਕਤ ਹੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਬੇ-ਵਕਤੀ ਮੌਤ ਤੇ ਗਹਿਰਾ ਦੁੱਖ ਅਤੇ ਅਫਸੋਸ ਹੈ। ਪ੍ਰਮਾਤਮਾਂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਗਹਿਰੇ ਦੁੱਖ ਅਤੇ ਅਫਸੋਸ ਨਾਲ

**'ਮਹਿਕ ਵਤਨ ਦੀ ਲਾਈਵ' ਬਿਓਰੋ ਦਾ ਸਮੂੰਹ ਸਟਾਫ**
**ਮਹਿਕ ਵਤਨ ਦੀ ਫਾਉਂਡੇਸ਼ਨ ਸੋਸਾਇਟੀ (ਰਜਿ:) ਮੋਗਾ**
**ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਜ਼ਿਲ੍ਹਾ ਮੋਗਾ**
**ਰੂਰਲ ਐਨਜੀਓ ਕਲੱਬਜ਼ ਐਸੋਸੀਏਸ਼ਨ ਜ਼ਿਲ੍ਹਾ ਮੋਗਾ**
**ਸਮਾਜ ਸੇਵਾ ਸੋਸਾਇਟੀ ਮੋਗਾ**
**ਸੰਤ ਬਾਬਾ ਨੰਦ ਸਿੰਘ ਜੀ ਸੇਵਾ ਸੋਸਾਇਟੀ ਲੋਹਾਰਾ**
**ਸ਼੍ਰੋਮਣੀ ਰਾਗੀ ਗ੍ਰੰਥੀ ਸਭਾ (ਰਜਿ:) ਮੋਗਾ**
**ਸ਼੍ਰੀ ਨਾਮਦੇਵ ਗੁਰਪੁਰਬ ਕਮੇਟੀ (ਰਜਿ:) ਮੋਗਾ**
**ਗੁਰਦੁਆਰਾ ਸ਼੍ਰੀ ਨਾਮਦੇਵ ਭਵਨ ਮੋਗਾ**
**ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਮੋਗਾ**
**ਕਾਨਪੁਰੀਆ ਆਟੋ ਇਲੈਕਟ੍ਰੀਕਲ ਸਰਵਿਸ, ਮੋਗਾ**
**ਕਸੱਤਰੀ (ਟਾਂਕ) ਐਸੋਸੀਏਸ਼ਨ (ਰਜਿ:) ਮੋਗਾ**

ਸਾਡੇ ਬਹੁਤ ਹੀ ਸਤਿਕਾਰ ਯੋਗ ਵੀਰ ਜਿਨ੍ਹਾਂ ਨੇ ਦੁੱਖ ਦੀ ਘੜੀ ਵਿੱਚ ਸਾਨੂੰ ਵਿਸ਼ੇਸ਼ ਸਹਿਯੋਗ ਦਿੱਤਾ। ਆਪਣਾ ਕੀਮਤੀ ਸਮਾਂ ਕੱਢ ਕੇ ਛੋਟੇ ਵੀਰ ਕਮਲਜੀਤ ਦੀਆਂ ਅੰਤਿਮ ਰਸਮਾ ਅਤੇ ਕਾਰਜਾ ਨੂੰ ਨੇਪਰੇ ਚਾੜ੍ਹਿਆ। ਦਿਲ ਦੀ ਗਹਿਰਾਈ ਵਿਚੋਂ ਇਨ੍ਹਾਂ ਵੀਰਾ ਦਾ ਧੰਨਵਾਦ ਕਰਦੇ ਹਾਂ। ਪ੍ਰਮਾਤਮਾਂ ਕ੍ਰਿਪਾ ਕਰੇ, ਕਦੇ ਕਿਸੇ ਤੇ ਦੁਖਦਾਈ ਸਮਾਂ ਨਾ ਆਵੇ। ਸਾਡੇ ਵੀਰ ਸਮਾਜ ਸੇਵਾ ਵਿੱਚ ਯੋਗਦਾਨ ਪਾਉਂਦੇ ਰਹਿਣ। -ਭਵਨਦੀਪ



ਸ੍ਰੀ ਗੋਕਲ ਚੰਦ ਬੁੱਘੀਪੁਰਾ ਪ੍ਰਧਾਨ ਸਰਬੱਤ ਦਾ ਭਲਾ ਟਰੱਸਟ



ਸ. ਗੁਰਸੇਵਕ ਸਿੰਘ ਸੰਨਿਆਸੀ ਪ੍ਰਧਾਨ ਸਮਾਜ ਸਭਾ ਸੁਸਾਇਟੀ



ਸ. ਗੁਰਪ੍ਰੀਤ ਸਿੰਘ ਏ.ਐਸ.ਆਈ.



ਸ. ਹਰਭਜਨ ਸਿੰਘ ਹੌਲਦਾਰ



ਸ. ਹਰਬਿੰਦਰ ਸਿੰਘ ਜਾਨੀਆ ਪ੍ਰਧਾਨ ਰੂਰਲ ਐਨ.ਜੀ.ਓ. ਮੋਗਾ



ਸ. ਅਰਵਿੰਦਰ ਸਿੰਘ ਹੈਪੀ ਕਾਨ੍ਹਪੁਰੀਆ ਕੌਂਸਲਰ

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016